Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 148 | Wednesday, July 28, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਸਾਰੇ ਕੈਨੇਡੀਅਨਜ਼ ਨੂੰ ਪੂਰੀ ਤਰ੍ਹਾਂ ਵੈਕਸੀਨੇਟ ਕਰਨ ਲਈ ਕੈਨੇਡਾ ਕੋਲ ਕੋਵਿਡ-19 ਵੈਕਸੀਨ ਦੀ ਹੈ ਵਾਧੂ ਡੋਜ਼ : ਟਰੂਡੋ

ਓਟਵਾ, 27 ਜੁਲਾਈ (ਪੋਸਟ ਬਿਊਰੋ) : ਇਸ ਸਮੇਂ ਕੈਨੇਡਾ ਕੋਲ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਹਰੇਕ ਯੋਗ ਵਿਅਕਤੀ ਦਾ ਟੀਕਾਕਰਣ ਕਰਨ ਲਈ ਵਾਧੂ ਮਾਤਰਾ ਵਿੱਚ ਵੈਕਸੀਨ ਹੈ। ਮੰਗਲਵਾਰ ਤੱਕ 66 ਮਿਲੀਅਨ ਡੋਜ਼ਾਂ ਕੈਨੇਡਾ ਨੂੰ ਹਾਸਲ ਹੋ ਚੁੱਕੀਆਂ ਹਨ। ਇਹ ਖੁਲਾਸਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤਾ ਗਿਆ।



ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੌਂਕਟਨ, ਐਨ ਬੀ ਵੈਕਸੀਨੇਸ਼ਨ ਕਲੀਨਿਕ ਉੱਤੇ ਇਸ ਸਬੰਧ ਵਿੱਚ ਐਲਾਨ ਕੀਤਾ। ਟਰੂਡੋ ਨੇ ਆਖਿਆ ਕਿ ਸਿਆਲਾਂ ਵਿੱਚ ਉਨ੍ਹਾਂ ਵਾਅਦਾ ਕੀਤਾ ਸੀ ਕਿ ਸਤੰਬਰ ਦੇ ਅੰਤ ਤੱਕ ਸਾਰੇ ਯੋਗ ਕੈਨੇਡੀਅਨਜ਼ ਲਈ ਵਾਧੂ ਵੈਕਸੀਨ ਹੋਵੇਗੀ। ਟਰੂਡੋ ਨੇ ਆਖਿਆ ਕਿ ਉਨ੍ਹਾਂ ਨਾ ਸਿਰਫ ਆਪਣਾ ਵਾਅਦਾ ਪੁਗਾਇਆ ਹੈ ਸਗੋਂ ਇਸ ਵਾਅਦੇ ਨੂੰ ਦੋ ਮਹੀਨੇ ਪਹਿਲਾਂ ਹੀ ਪੂਰਾ ਕਰ ਲਿਆ ਹੈ। ਜੂਨ ਵਿੱਚ ਟਰੂਡੋ ਨੇ ਇਹ ਵੀ ਵਾਅਦਾ ਕੀਤਾ ਸੀ ਕਿ ਇਸ ਮਹੀਨੇ ਦੇ ਅੰਤ ਤੱਕ ਕੈਨੇਡਾ ਨੂੰ ਕੋਵਿਡ-19 ਵੈਕਸੀਨ ਦੀਆਂ 68 ਮਿਲੀਅਨ ਡੋਜ਼ਾਂ ਹਾਸਲ ਹੋ ਜਾਣਗੀਆਂ। ਉਨ੍ਹਾਂ ਇਹ ਆਖਿਆ ਸੀ ਕਿ ਸਾਰੇ ਕੈਨੇਡੀਅਨਜ਼ ਨੂੰ ਗਰਮੀਆਂ ਤੱਕ ਇੱਕ ਡੋਜ਼ ਤੇ ਇਸ ਸਾਲ ਦੇ ਅੰਤ ਤੱਕ ਦੋ ਡੋਜ਼ਾਂ ਲੱਗ ਜਾਣਗੀਆਂ।

ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਵੀ ਮੰਗਲਵਾਰ ਨੂੰ ਟਰੂਡੋ ਦੇ ਇਸ ਬਿਆਨ ਦਾ ਸਮਰਥਨ ਕੀਤਾ। ਉਨ੍ਹਾਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਇਸ ਹਫਤੇ ਦੇ ਅੰਤ ਤੱਕ ਕੈਨੇਡਾ ਨੂੰ 68 ਮਿਲੀਅਨ ਸ਼ੌਟਸ ਹਾਸਲ ਹੋ ਜਾਣਗੇ। ਇੱਕ ਰਿਪੋਰਟ ਮੁਤਾਬਕ ਮੰਗਲਵਾਰ ਸਵੇਰ ਤੱਕ 80 ਫੀ ਸਦੀ ਕੈਨੇਡੀਅਨਜ਼ ਨੂੰ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਤੇ 63 ਫੀ ਸਦੀ ਕੈਨੇਡੀਅਨਜ਼ ਨੂੰ ਵੈਕਸੀਨ ਦੀਆਂ ਦੋਵੇਂ ਡੋਜ਼ਾਂ ਲੱਗ ਚੁੱਕੀਆਂ ਹਨ। ਇੱਕ ਵਾਰੀ ਕੁੱਝ ਮਹੀਨਿਆਂ ਨਾਲ ਪਛੜਨ ਤੋਂ ਬਾਅਦ ਇਸ ਸਮੇਂ ਕੈਨੇਡਾ ਹੋਰਨਾਂ ਜੀ-7 ਮੁਲਕਾਂ ਨਾਲੋਂ ਵੈਕਸੀਨੇਸ਼ਨ ਦੇ ਮਾਮਲੇ ਵਿੱਚ ਸੱਭ ਤੋਂ ਅੱਗੇ ਚੱਲ ਰਿਹਾ ਹੈ।

ਵੈਸੇ ਤਾਂ ਬਹੁਤੇ ਕੈਨੇਡੀਅਨ ਵੈਕਸੀਨ ਲਵਾ ਚੁੱਕੇ ਹਨ ਪਰ ਪ੍ਰਧਾਨ ਮੰਤਰੀ ਵੱਲੋਂ ਉਨ੍ਹਾਂ ਕੈਨੇਡੀਅਨਜ਼ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਜਿਨ੍ਹਾਂ ਨੇ ਕਿਸੇ ਝਿਜਕ ਕਾਰਨ ਤੇ ਜਾਂ ਫਿਰ ਕੁੱਝ ਹੋਰਨਾਂ ਕਾਰਨਾਂ ਕਰਕੇ ਅਜੇ ਤੱਕ ਵੈਕਸੀਨੇਸ਼ਨ ਨਹੀਂ ਕਰਵਾਈ। ਟਰੂਡੋ ਹੁਣ ਤੱਕ ਵੈਕਸੀਨੇਸ਼ਨ ਨਾ ਕਰਵਾ ਸਕਣ ਵਾਲੇ ਕੈਨੇਡੀਅਨਜ਼ ਨੂੰ ਇਹ ਭਰੋਸਾ ਦਿਵਾਉਣਾ ਚਾਹੁੰਦੇ ਹਨ ਕਿ ਹੈਲਥ ਕੈਨੇਡਾ ਵੱਲੋਂ ਇਸ ਵੈਕਸੀਨ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਦੱਸਿਆ ਗਿਆ ਹੈ। ਟਰੂਡੋ ਨੇ ਆਖਿਆ ਕਿ ਹੁਣ ਹਰੇਕ ਕੈਨੇਡੀਅਨ ਲਈ ਵਾਧੂ ਡੋਜ਼ ਹੋਣ ਕਾਰਨ ਵੈਕਸੀਨ ਨਾ ਲਵਾਉਣ ਲਈ ਕਿਸੇ ਦਾ ਕੋਈ ਬਹਾਨਾ ਨਹੀਂ ਚੱਲ ਸਕਦਾ।

## 6 ਅਗਸਤ ਤੋਂ ਹੜਤਾਲ ਉੱਤੇ ਜਾ ਸਕਦੇ ਹਨ ਕੈਨੇਡੀਅਨ ਬਾਰਡਰ ਵਰਕਰਜ਼



ਓਟਵਾ, 27 ਜੁਲਾਈ (ਪੋਸਟ ਬਿਊਰੋ) : 9000 ਕੈਨੇਡੀਅਨ ਬਾਰਡਰ ਸਰਵਿਸ ਏਜੰਸੀ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੈਂਬਰਾਂ ਵੱਲੋਂ ਹੜਤਾਲ ਦੇ ਪੱਖ ਵਿੱਚ ਵੋਟ ਕੀਤਾ ਗਿਆ ਹੈ। ਜੇ ਅਜਿਹਾ ਹੁੰਦਾ ਹੈ ਤਾਂ ਇਸ ਨਾਲ ਫੈਡਰਲ ਸਰਕਾਰ ਦੇ ਰੀਓਪਨਿੰਗ ਪਲੈਨ ਨੂੰ ਖਤਰਾ ਖੜ੍ਹਾ ਹੋ ਸਕਦਾ ਹੈ। ਦ ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ ਤੇ ਇਸ ਦੀ ਕਸਟਮਜ਼ ਤੇ ਇਮੀਗ੍ਰੇਸ਼ਨ ਯੂਨੀਅਨ ਦਾ ਕਹਿਣਾ ਹੈ ਕਿ ਉਸ ਦੇ ਮੈਂਬਰ 6 ਅਗਸਤ ਨੂੰ ਹੜਤਾਲ ਕਰਨ ਬਾਰੇ ਸੋਚ ਰਹੇ ਹਨ। ...ਬਾਕੀ ਪੰਨਾ 3 'ਤੇ

## ਵੇਟਲਿਫਟਰ ਸ਼ੈਰਨ ਨੇ ਕੈਨੇਡਾ ਲਈ ਜਿੱਤਿਆ ਦੂਜਾ ਸੋਨ ਤਮਗਾ



ਟੋਕੀਓ, 27 ਜੁਲਾਈ (ਪੋਸਟ ਬਿਊਰੋ) : ਟੋਕੀਓ ਵਿੱਚ ਚੱਲ ਰਹੀ 2020 ਓਲੰਪਿਕ ਖੇਡਾਂ ਵਿੱਚ ਵੇਟਲਿਫਟਿੰਗ ਮੁਕਾਬਲੇ ਵਿੱਚ ਕੈਨੇਡਾ ਦੀ ਮੌਡ ਸ਼ੈਰਨ ਨੇ ਸੋਨ ਤਮਗਾ ਜਿੱਤ ਕੇ ਆਪਣੀ ਵਿਲੱਖਣ ਛਾਪ ਛੱਡੀ। ਰਿਮੁਸਕੀ, ਕਿਊਬਿਕ ਤੋਂ ਸ਼ੈਰਨ ਨੇ ਮਹਿਲਾਵਾਂ ਦੇ 64 ਕਿੱਲੋ ਭਾਰ ਵਰਗ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਉਸ ਨੇ 131 ਕਿੱਲੋਗ੍ਰਾਮ ਕਲੀਨ ਤੇ ਜਰਕ ਮੁਕਾਬਲਾ ਬੜੀ ਸਹਿਜਤਾ ਨਾਲ ਜਿੱਤ ਲਿਆ। ਸਨੈਚ ਫੇਜ਼ ਵਿੱਚ 105 ਕਿੱਲੋਗ੍ਰਾਮ ਭਾਰ ਚੁੱਕ ਕੇ ਸ਼ੈਰਨ ਨੇ ਸੱਭ ਤੋਂ ਵੱਧ ਸਕੋਰ ਪਹਿਲਾਂ ਹੀ ਆਪਣੇ ਨਾਂ ਕਰ ਲਏ ਸਨ। ਦੋ ਫੇਜ਼ ਵਿੱਚ ਉਸ ਦਾ ਕੁੱਲ 236 ਪੁਆਇੰਟ ਦਾ ਅੰਕੜਾ ਚਾਂਦੀ ਦਾ ਤਮਗਾ ਜਿੱਤਣ ਵਾਲੀ ਇਟਲੀ ਦੀ ਜਾਰਜੀਆ ਬਰਡ-ਾਇਨਨ ਨਾਲੋਂ ਕਿਤੇ ਵਧੀਆ ਸੀ। ਤਾਇਵਾਨ ਦੀ ਵੈਨ ਹੁਈ ਚੈਨ ਇਸ ਮੁਕਾਬਲੇ ਵਿੱਚ ਤੀਜੇ ਸਥਾਨ ਉੱਤੇ ਰਹੀ। ਸ਼ੈਰਨ ਵੱਲੋਂ ਕੈਨੇਡਾ ਲਈ ਇਹ ਦੂਜਾ ਸੋਨ ਤਮਗਾ ਜਿੱਤਿਆ ਗਿਆ ਹੈ। ਇਸ ਤੋਂ ਪਹਿਲਾਂ ਸੋਮਵਾਰ ਨੂੰ ਮਹਿਲਾਵਾਂ ਦੇ 100 ਮੀਟਰ ਬਟਰਫਲਾਈ ਮੁਕਾਬਲੇ ਵਿੱਚ ਕੈਨੇਡਾ ਦੀ ਮੈਗੀ ਮੈਕਨੀਲ ਨੇ ਕੈਨੇਡਾ ਲਈ ਪਹਿਲਾ ਸੋਨ ਤਮਗਾ ਜਿੱਤਿਆ ਸੀ।

## ਵੈਕਸੀਨ ਪਾਸਪੋਰਟ ਲਾਂਚ ਕਰਨ ਬਾਰੇ ਟਰੂਡੋ ਨੇ ਧਾਰੀ ਚੁੱਪ

ਓਟਵਾ, 27 ਜੁਲਾਈ (ਪੋਸਟ ਬਿਊਰੋ) :ਵਿਦੇਸ਼ ਟਰੈਵਲ ਕਰਨ ਲਈ ਕੋਵਿਡ-19 ਵੈਕਸੀਨ ਸਟੇਟਸ ਦਾ ਸਬੂਤ ਕੈਨੇਡੀਅਨਜ਼ ਨੂੰ ਕਦੋਂ ਮਿਲੇਗਾ ਇਸ ਬਾਰੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਪੁੱਛੇ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਉਹ ਚੁੱਪ ਕਰ ਗਏ ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਵਾਅਦਾ ਕੀਤਾ ਕਿ ਇਸ ਵਾਸਤੇ ਸਿਸਟਮ ਬਿਲਕੁਲ ਸਧਾਰਨ ਤੇ ਕਾਰਗਰ ਹੋਵੇਗਾ।

ਸ਼ਾਰਲੇਟਟਾਊਨ, ਪ੍ਰਿੰਸ ਐਡਵਰਡ ਆਈਲੈਂਡ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਕੌਮਾਂਤਰੀ ਟਰੈਵਲ ਸਬੰਧੀ ਦਸਤਾਵੇਜ਼ਾਂ ਦੇ ਫਰੇਮਵਰਕ ਲਈ ਓਟਵਾ ਜ਼ਿੰਮੇਵਾਰ ਹੈ। ਪਰ ਘਰੇਲੂ ਪੱਧਰ ਉੱਤੇ ਇਹ ਪ੍ਰੋਵਿੰਸਾਂ ਉੱਤੇ ਨਿਰਭਰ ਕਰਦਾ ਹੈ ਕਿ ਉਹ ਕਿਹੋ ਜਿਹੀ ਯੋਜਨਾ ਲਿਆਉਂਦੀਆਂ ਹਨ। ਇਸ ਸਬੰਧ ਵਿੱਚ ਕੋਈ ਨੈਸ਼ਨਲ ਸਿਸਟਮ ਲਿਆਉਣ ਲਈ ਫੈਡਰਲ ਸਰਕਾਰ ਉੱਤੇ ਦਬਾਅ ਵੱਧ ਰਿਹਾ ਹੈ। ਕੈਨੇਡੀਅਨਜ਼ ਚਾਹੁੰਦੇ ਹਨ ਕਿ ਜਿਵੇਂ ਹੋਰਨਾਂ ਮੁਲਕਾਂ ਵੱਲੋਂ ਤੇਜ਼ੀ ਨਾਲ ਆਪਣਾ ਇੱਕ ਸਿਸਟਮ ਅਪਣਾ ਲਿਆ ਗਿਆ ਹੈ ਉਸੇ ਤਰ੍ਹਾਂ ਫੈਡਰਲ ਸਰਕਾਰ ਵੀ ਕੋਈ ਸਿਸਟਮ ਜਲਦ ਅਪਣਾਵੇ।

ਯੂਕੇ ਵੱਲੋਂ ਜਾਰੀ ਕੀਤਾ ਜਾਣ ਵਾਲਾ ਐਨ ਐਚ ਐਸ ਕੋਵਿਡ ਪਾਸ ਘਰੇਲੂ ਪੱਧਰ ਉੱਤੇ ਇੰਡੋਰ ਗੈਦਰਿੰਗਜ਼ ਲਈ ਵਰਤਿਆ ਜਾਂਦਾ ਰਿਹਾ ਹੈ ਪਰ ਇਹ ਗ੍ਰੀਸ ਤੇ ਸਪੇਨ ਸਮੇਤ ਕਈ ਹੋਰਨਾਂ ਮੁਲਕਾਂ ਵਿੱਚ ਵੀ ਸਵੀਕਾਰ ਕੀਤਾ ਜਾਂਦਾ ਹੈ। ਯੂਰਪੀਅਨ ਯੂਨੀਅਨ ਦਾ ਡਿਜੀਟਲ ਕੋਵਿਡ ਸਰਟੀਫਿਕੇਟ, ਜਿਹੜਾ ਪਹਿਲੀ ਜੁਲਾਈ ਨੂੰ ਲਾਂਚ ਕੀਤਾ ਗਿਆ ਸੀ, ਸਾਰੇ ਯੂਰਪੀਅਨ ਯੂਨੀਅਨ ਮੈਂਬਰ ਮੁਲਕਾਂ ਵਿੱਚ ਸਵੀਕਾਰ ਕੀਤਾ ਜਾਂਦਾ ਹੈ। ਆਸਟਰੇਲੀਆ ਤੇ ਨਿਊਜ਼ੀਲੈਂਡ ਵੀ ਇਸ ਤਰ੍ਹਾਂ ਦਾ ਸਰਟੀਫਿਕੇਟ ਜਾਰੀ ਕਰਨ ਦੇ ਕਾਫੀ ਨੇੜੇ ਹਨ।

ਟਰੂਡੋ ਨੇ ਇਹ ਨਹੀਂ ਦੱਸਿਆ ਕਿ ਇਸ ਤਰ੍ਹਾਂ ਦਾ ਕੋਈ ਸਰਟੀਫਿਕੇਟ ਇਸ ਸਾਲ ਦੇ ਅੰਤ ਤੱਕ ਤਿਆਰ ਕਰ ਲਿਆ ਜਾਵੇਗਾ ਸਗੋਂ ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਗੱਲਬਾਤ ਜਾਰੀ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan Mob: 416-465-1200
www.dubaijewellers.ca
info@dubaijewellers.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਗੁਜਰਾਤ ਕੇਡਰ ਦੇ ਰਾਕੇਸ਼ ਅਸਥਾਨਾ ਨੂੰ ਦਿੱਲੀ ਦਾ ਪੁਲਿਸ ਕਮਿਸ਼ਨਰ ਲਾ ਦਿੱਤਾ ਗਿਆ

ਨਵੀਂ ਦਿੱਲੀ, 27 ਜੁਲਾਈ, (ਪੋਸਟ ਬਿਊਰੋ)- ਦਿੱਲੀ ਪੁਲਿਸ ਵਿੱਚ ਅੱਜ ਮੰਗਲਵਾਰ ਰਾਤ ਵੱਡਾ ਫੇਰਬਦਲ ਕੀਤਾ ਗਿਆ ਤੇ ਦਿੱਲੀ ਦੇ ਪੁਲਿਸ ਕਮਿਸ਼ਨਰ ਦਾ ਵਾਧੂ ਚਾਰਜ ਸੰਭਾਲ ਰਹੇ ਬਾਲਾਜੀ ਸ੍ਰੀਵਾਸਤਵ ਨੂੰ ਹਟਾ ਕੇ ਗ੍ਰਹਿ ਮੰਤਰਾਲੇ ਨੇ ਉਨ੍ਹਾਂ ਦੀ ਜਗ੍ਹਾ ਰਾਕੇਸ਼ ਅਸਥਾਨਾ ਨੂੰ ਦਿੱਲੀ ਪੁਲਿਸ ਦਾ ਨਵਾਂ ਕਮਿਸ਼ਨਰ ਬਣਾ ਦਿੱਤਾ ਹੈ।

ਗੁਜਰਾਤ ਕੈਡਰ ਦੇ 1984 ਬੈਚ ਦੇ ਸੀਨੀਅਰ ਆਈ ਪੀ ਐੱਸ ਅਫਸਰ ਰਾਕੇਸ਼ ਅਸਥਾਨਾ ਪ੍ਰਧਾਨ ਮੰਤਰੀ ਅਤੇ ਕੇਂਦਰ ਸਰਕਾਰ ਦੇ ਸਭ ਤੋਂ ਨੇੜੇ ਮੰਨੇ ਜਾਂਦੇ ਹਨ।

*** ਅਸਥਾਨਾਨੂੰ ਪ੍ਰਧਾਨ ਮੰਤਰੀ ਮੋਦੀ ਦਾ ਨੇੜੂ ਗਿਣਿਆ ਜਾਂਦੈ**

ਉਹ ਇਸ ਵੇਲੇ ਬਾਰਡਰ ਸਕਿਓਰਟੀ ਫੋਰਸ ਦੇ ਡਾਇਰੈਕਟਰ ਜਨਰਲ ਸਨ। ਉਨ੍ਹਾਂ ਦੀ ਸੇਵਾਮੁਕਤੀ ਦਾ ਸਮਾਂ ਕੁੱਲ ਦੋ ਦਿਨ ਬਾਕੀ



ਸੀ, ਪਰ ਕਮਿਸ਼ਨਰ ਬਣਾਉਣ ਨਾਲ ਉਨ੍ਹਾਂ ਨੂੰ ਇਕ ਸਾਲ ਦੀ ਸਰਵਿਸ ਐਕਸਟੈਂਸ਼ਨ ਵੀ ਦੇ ਦਿੱਤੀ ਗਈ ਹੈ। ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਆਦੇਸ਼ ਅਨੁਸਾਰ ਉਹ 31 ਜੁਲਾਈ 2022 ਤਕ ਦਿੱਲੀ ਪੁਲਿਸ ਦੇ ਕਮਿਸ਼ਨਰ ਅਹੁਦੇ ਉੱਤੇ ਰਹਿਣਗੇ।

ਵਰਣਣ ਯੋਗ ਹੈ ਕਿ ਦਿੱਲੀ ਪੁਲਿਸ ਦੇ ਇਤਿਹਾਸ ਵਿੱਚ ਇਹ ਦੂਸਰਾ ਮੌਕਾ ਹੈ, ਜਦੋਂ ਪੁਲਸ ਵਿਚਲੇ ਗ਼ੈਰ ਯੂ ਟੀ ਕੈਡਰ ਦੇ ਕਿਸੇ ਆਈ ਪੀ ਐੱਸ ਨੂੰ ਕਮਿਸ਼ਨਰ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਸਾਲ 1999 ਵਿੱਚ ਵੀ ਭਾਜਪਾ ਦੀ ਸਰਕਾਰ ਦੌਰਾਨ ਉੱਤਰ ਪ੍ਰਦੇਸ਼ ਕੈਡਰ ਦੇ ਆਈ ਪੀ ਐੱਸ ਅਫਸਰ ਅਜੈ ਰਾਜ ਸ਼ਰਮਾ ਨੂੰ ਵੀ ਦਿੱਲੀ ਵਿੱਚ ਪੁਲਿਸ ਦਾ ਕਮਿਸ਼ਨਰ ਬਣਾਇਆ ਗਿਆ ਸੀ। ਉਹ ਕਰੀਬ ਤਿੰਨ ਸਾਲ ਕਮਿਸ਼ਨਰ ਰਹੇ ਸਨ ਤੇ ਇਹ ਕੇਸ ਸੁਪਰੀਮ ਕੋਰਟ ਵਿੱਚ ਵੀ ਪਹੁੰਚ ਗਿਆ ਸੀ। ਸਾਲ 1988 ਬੈਚ ਦੇ ਯੂ ਟੀ ਕੈਡਰ ਦੇ ਆਈ ਪੀ ਐੱਸ ਅਫਸਰ ਬਾਲਾਜੀ ਸ੍ਰੀਵਾਸਤਵ ਕੋਲ ਅੱਜ ਦੇ ਬਾਅਦ ਸਿਰਫ਼ ਵਿਜੀਲੈਂਸ ਦੀ ਜ਼ਿੰਮੇਵਾਰੀ ਰਹੇਗੀ ਅਤੇ ਉਹ ਸਪੈਸ਼ਲ ਕਮਿਸ਼ਨਰ ਵਿਜੀਲੈਂਸ ਹੋਣਗੇ।

# 6 ਅਗਸਤ ਤੋਂ ਹੜਤਾਲ ਉੱਤੇ ਜਾ ਸਕਦੇ ਹਨ ਕੈਨੇਡੀਅਨ ਬਾਰਡਰ ਵਰਕਰਜ਼

...ਪੰਨਾ 1 ਦਾ ਬਾਕੀ

ਇਹ ਅਮਰੀਕਾ ਦੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਨਾਗਰਿਕਾਂ ਵੱਲੋਂ ਦੋ ਹਫਤਿਆਂ ਲਈ ਕੁਆਰਨਟੀਨ ਹੋਏ ਬਿਨਾਂ ਕੈਨੇਡਾ ਟਰੈਵਲ ਕਰਨ ਆਉਣ ਲਈ ਨਿਰਧਾਰਤ ਕੀਤੀ ਗਈ ਤਰੀਕ ਤੋਂ ਤਿੰਨ ਦਿਨ ਪਹਿਲਾਂ ਲਈ ਕੀਤਾ ਗਿਆ ਐਲਾਨ ਹੈ। ਜ਼ਿਕਰਯੋਗ ਹੈ ਕਿ ਪੀਐਸਏਸੀ-ਸੀਆਈਯੂ 5500 ਬਾਰਡਰ ਸਰਵਿਸਿਜ਼ ਆਫੀਸਰਜ਼, 2000 ਹੈੱਡਕੁਆਰਟਰਜ਼ ਸਟਾਫ ਤੇ ਕੈਨੇਡਾ ਪੋਸਟ ਦੇ ਕੁੱਝ ਵਰਕਰਜ਼ ਤੋਂ ਇਲਾਵਾ ਇਨਲੈਂਡ ਐਨਫੋਰਸਮੈਂਟ ਜੌਬਜ਼ ਨਾਲ ਜੁੜੇ ਮੈਂਬਰਜ਼ ਦੀ ਨੁਮਾਇੰਦਗੀ ਕਰਦੀ ਹੈ। ਸੀਬੀਐਸਏ ਤੇ ਖਜ਼ਾਨਾ ਬੋਰਡ ਵੱਲੋਂ ਰੱਖੇ ਗਏ ਮੈਂਬਰ ਹੜਤਾਲ ਲਈ ਜੂਨ ਤੋਂ ਵੋਟਾਂ ਪਾ ਰਹੇ ਹਨ। ਤਿੰਨ ਸਾਲਾਂ ਤੋਂ ਇਹ ਵਰਕਰਜ਼ ਕਾਂਟਰੈਕਟ ਤੋਂ ਬਿਨਾਂ ਹੀ ਕੰਮ ਕਰ ਰਹੇ ਹਨ ਤੇ ਦੋਵਾਂ ਧਿਰਾਂ ਦਰਮਿਆਨ ਗੱਲਬਾਤ ਦਸੰਬਰ ਵਿੱਚ ਹੀ ਟੁੱਟ ਗਈ ਸੀ।


SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor










For More Details Call: 416-970-5005/647-242-8667
Jas Toor
Sales Repersentative
Sutton Group-Realty Experts
Brokerage*
Jagdish Grewal
Sales Repersentative
Century 21 President Realty Inc.
Brokerage*

# 10 ਵਿੱਚੋਂ 2 ਓਨਟਾਰੀਓ ਵਾਸੀਆਂ ਦੇ ਅਜੇ ਵੀ ਨਹੀਂ ਲੱਗੀ ਕੋਵਿਡ-19 ਵੈਕਸੀਨ

ਓਨਟਾਰੀਓ, 27 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਦਾ ਕਹਿਣਾ ਹੈ ਕਿ ਕੋਵਿਡ-19 ਖਿਲਾਫ ਜਾਰੀ ਲੜਾਈ ਦੇ ਆਖਰੀ ਗੇੜ ਵਿੱਚ ਹੁਣ ਪ੍ਰੋਵਿੰਸ ਪਹੁੰਚ ਚੁੱਕਿਆ ਹੈ। 1•8 ਮਿਲੀਅਨ ਲੋਕਾਂ ਵਿੱਚ, ਜਿਨ੍ਹਾਂ ਵਿੱਚ 300,000 ਵਿਦਿਆਰਥੀ ਵੀ ਆਉਂਦੇ ਹਨ, ਵੈਕਸੀਨ ਸਬੰਧੀ ਹਿਚਕਿਚਾਹਟ ਨੂੰ ਖ਼ਤਮ ਕਰਨ ਲਈ ਸਰਕਾਰ ਤੋਂ ਜੋ ਬਣ ਸਕਦਾ ਸੀ ਉਹ ਕਰ ਰਹੀ ਹੈ।

ਡਾ• ਕੀਰਨ ਮੂਰ ਨੇ ਆਖਿਆ ਕਿ ਰੋਜ਼ਾਨਾ ਹੋ ਰਹੀ ਵੈਕਸੀਨੇਸ਼ਨ ਵਿੱਚ ਵਾਧਾ ਹੋਣ ਦੇ ਬਾਵਜੂਦ 10 ਵਿੱਚੋਂ 2

## 300,000 ਵਿਦਿਆਰਥੀਆਂ ਨੇ ਵੀ ਅਜੇ ਨਹੀਂ ਲਵਾਈ ਪਹਿਲੀ ਡੋਜ਼

ਓਨਟਾਰੀਓ ਵਾਸੀ ਅਜੇ ਵੀ ਅਜਿਹੇ ਹਨ ਜਿਨ੍ਹਾਂ ਦੇ ਪਹਿਲੀ ਡੋਜ਼ ਨਹੀਂ ਲੱਗੀ ਹੈ। ਉਨ੍ਹਾਂ ਆਖਿਆ ਕਿ ਜਿਨ੍ਹਾਂ ਲੋਕਾਂ ਨੇ ਟੀਕੇ ਦੀ ਇੱਕ ਵੀ ਡੋਜ਼ ਨਹੀਂ ਲਵਾਈ ਉਨ੍ਹਾਂ ਦੇ ਕੋਵਿਡ-19 ਦੀ ਚਪੇਟ ਵਿੱਚ ਆਉਣ ਦਾ ਖ਼ਤਰਾ 6•4 ਗੁਣਾ ਵੱਧ ਹੈ ਬਜਾਇ ਉਨ੍ਹਾਂ ਦੇ ਜਿਨ੍ਹਾਂ ਨੇ ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲਵਾਈ ਹੈ।

ਫੈਮਿਲੀ ਡਾਕਟਰ ਡਾ. ਜੈਨੀਫਰ ਕਵੈਨ ਵੱਲੋਂ ਦੋ ਤਾਜ਼ਾ ਰਿਪੋਰਟਾਂ ਦਾ ਸਹਾਰਾ ਲੈਂਦਿਆਂ ਹੋਇਆ ਅਜਿਹੇ ਲੋਕਾਂ ਦਾ ਖਰੜਾ ਤਿਆਰ ਕੀਤਾ ਗਿਆ ਜਿਹੜੇ ਵੈਕਸੀਨੇਸ਼ਨ ਕਰਵਾਉਣ ਤੇ ਬਿਨਾਂ ਵੈਕਸੀਨੇਸ਼ਨ ਕਰਵਾਇਆਂ ਪਿਛਲੇ ਮਹੀਨੇ ਹਸਪਤਾਲ ਦਾਖਲ ਹੋਏ ਜਾਂ ਮਰ ਗਏ। ਉਨ੍ਹਾਂ ਪਾਇਆ ਕਿ 12 ਜੂਨ ਤੇ 10 ਜੁਲਾਈ ਦਰਮਿਆਨ ਓਨਟਾਰੀਓ ਵਿੱਚ ਹੋਈਆਂ 95.8 ਫੀ ਸਦੀ ਮੌਤਾਂ ਉਨ੍ਹਾਂ ਲੋਕਾਂ ਦੀਆਂ ਸਨ ਜਿਨ੍ਹਾਂ ਨੇ ਟੀਕਾਕਰਣ ਨਹੀਂ ਸੀ ਕਰਵ-ਾਇਆ। ਇਸ ਤੋਂ ਇਲਾਵਾ ਵਾਇਰਸ ਕਾਰਨ ਹਸਪਤਾਲ ਦੇ ਆਈ ਸੀ ਯੂ



ਵਾਰਡ ਵਿੱਚ ਭਰਤੀ ਹੋਣ ਵਾਲੇ 99.5 ਫੀ ਸਦੀ ਲੋਕਾਂ ਨੇ ਵੀ ਟੀਕਾਕਰਣ ਨਹੀਂ ਸੀ ਕਰਵਾਇਆ।

ਸੋਮਵਾਰ ਸਵੇਰੇ 8:00 ਵਜੇ ਤੱਕ ਓਨਟਾਰੀਓ ਵਿੱਚ ਕੋਵਿਡ-19 ਵੈਕਸੀਨ ਦੀਆਂ 92,035 ਡੋਜ਼ਾਂ ਲਾਈਆਂ ਜਾ ਚੁੱਕੀਆਂ ਸਨ। ਫੋਰਡ ਸਰਕਾਰ ਦਾ ਕਹਿਣਾ ਹੈ ਕਿ 12 ਸਾਲ ਤੋਂ ਵੱਧ ਉਮਰ ਦੇ 79•82 ਫੀ ਸਦੀ ਓਨਟਾਰੀਓ ਵਾਸੀ ਆਪਣੀ ਪਹਿਲੀ ਡੋਜ਼ ਹਾਸਲ ਕਰ ਚੁੱਕੇ ਹਨ ਤੇ 66•74 ਫੀ ਸਦੀ ਨੂੰ ਦੂਜੀ ਡੋਜ਼ ਵੀ ਲੱਗ ਚੁੱਕੀ ਹੈ।

ਮੂਰ ਨੇ ਇੱਕ ਵਾਰੀ ਫਿਰ ਅਜੇ ਤੱਕ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਵਿਦਿਆਰਥੀਆਂ ਨੂੰ ਸਤੰਬਰ ਤੱਕ ਘੱਟੋ ਘੱਟ ਇੱਕ ਡੋਜ਼ ਲਵਾਉਣ ਲਈ ਆਖਿਆ। ਉਨ੍ਹਾਂ ਆਖਿਆ ਕਿ ਅਜੇ ਵੀ 300,000 ਵਿਦਿਆਰਥੀਆਂ ਨੂੰ ਅਗਸਤ ਦੇ ਲੌਂਗ ਵੀਕੈਂਡ ਤੋਂ ਪਹਿਲਾਂ ਵੈਕਸੀਨ ਦੀ ਪਹਿਲੀ ਡੋਜ਼ ਲਾਏ ਜਾਣ ਦੀ ਲੋੜ ਹੈ।

## ਅੱਜ ਨਾਮਾ >>

ਪਾਰਲੀਮੈਂਟ ਦੇ ਅੰਦਰ ਹੈ ਪਿਆ ਰੱਫੜ,
ਹੁੰਦਾ ਕੋਈ ਵੀ ਕੰਮ ਨਹੀਂ ਕਾਰ ਮੀਆਂ।
ਧਿਰ ਵਿਰੋਧ ਦੀ ਪਈ ਆ ਖਿਝੀ ਕਾਫੀ,
ਨਾਅਰੇ ਰੋਜ਼ ਉਹਰਹੀ ਹੈ ਮਾਰ ਮੀਆਂ।
ਹਾਕਮ ਧਿਰ ਨਹੀਂ ਕੱਖ ਪ੍ਰਵਾਹ ਕਰਦੀ,
ਥਿੰਦੇ ਘੜੇ ਦੇ ਵਾਂਗਰ ਸਰਕਾਰ ਮੀਆਂ।
ਜਿਹੜੀ ਜਿੱਲ੍ਹਣ ਦਾ ਅੱਜ ਮਾਹੌਲ ਓਥੇ,
ਲੱਭਦਾ ਕੋਈ ਨਾ ਚੱਜ-ਆਚਾਰ ਮੀਆਂ।
ਮੁਖੀਦੇਸ਼ ਦਾ ਬੋਲੇ ਨਹੀਂ ਸਦਨ ਅੰਦਰ,
ਕਰਦਾ ਰੇਡੀਓ ਤੋਂ ਮਨ ਦੀ ਗੱਲ ਮੀਆਂ।
ਮੁੱਦੇ ਅਸਲ ਤੋਂ ਪਾਸੇ ਦੀ ਨਿਕਲ ਜਾਂਦਾ,
ਸੁਰ ਨਹੀਂ ਤਾਲ, ਵਜਾਂਵਦਾ ਟੱਲ ਮੀਆਂ।

**ਤੀਸ ਮਾਰ ਖਾਂ**

# ਨਵਜੋਤ ਸਿੱਧੂ ਸਣੇ ਪੰਜਾਬ ਕਾਂਗਰਸ ਦੀ ਨਵੀਂ ਟੀਮ ਦੀ ਕੈਪਟਨ ਨਾਲ ਮੀਟਿੰਗ

* ਮੁੱਖ ਮੰਤਰੀ ਤੋਂ ਪੰਜ ਮੁੱਦਿਆਂ ਉੱਤੇ ਕਾਰਵਾਈ ਮੰਗੀ

ਚੰਡੀਗੜ੍ਹ, 27 ਜੁਲਾਈ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਏ ਜਾਣ ਮਗਰੋਂ ਨਵਜੋਤ ਸਿੰਘਸਿੱਧੂਨੇ ਅੱਜ ਪਹਿਲੀ ਵਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ। ਪੰਜਾਬ ਸਕੱਤਰੇਤ ਵਿਖੇ 1 ਘੰਟਾ 20 ਮਿੰਟ ਚੱਲੀ ਇਸ ਮੀਟਿੰਗ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘਸਿੱਧੂ ਤੋਂ ਇਲਾਵਾ ਪੰਜਾਬ ਕਾਗਰਸ ਦੇ ਨਵੇਂ ਬਣਾਏ ਚਾਰੇ ਵਰਕਿੰਗ ਪ੍ਰਧਾਨ ਅਤੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਵੀ ਮੌਜੂਦਸਨ।

ਅੱਜ ਦੀ ਇਸ ਖਾਸ ਮੀਟਿੰਗ ਵਿਚ ਨਵਜੋਤ ਸਿੱਧੂ ਨੇ ਕਾਂਗਰਸ ਹਾਈਕਮਾਨ ਤੋਂਮਿਲੇ 18 ਸੂਤਰੀ ਏਜੰਡੇ ਵਿੱਚੋਂ 5 ਪ੍ਰਮੁੱਖ ਏਜੰਡੇ ਕੈਪਟਨ ਅਮਰਿੰਦਰ ਸਿੰਘ ਨੂੰ ਲਿਖ ਕੇਦਿੱਤੇਤੇ ਇਨ੍ਹਾਂ ਉੱਤੇ ਪਹਿਲ ਦੇ ਆਧਾਰ ਉੱਤੇ ਕਾਰਵਾਈ ਕਰਨ ਦੀ ਮੰਗ ਕੀਤੀ।ਵਰਨਣ ਯੋਗ ਹੈ ਕਿ ਇਹ ਉਹੀ ਨੁਕਤੇ ਹਨ, ਜਿਨ੍ਹਾਂ ਬਾਰੇ ਨਵਜੋਤ ਸਿੰਘਸਿੱਧੂ ਟਵਿੱਟਰ ਉੱਤੇ ਅਕਸਰ ਹੀ ਆਪਣੀ ਸਰਕਾਰ ਵਿਰੁੱਧ ਬੋਲਦੇ ਰਹੇ ਹਨ।ਕੈਪਟਨ ਅਮਰਿੰਦਰ ਸਿੰਘ ਨੂੰ ਦਿੱਤੇ ਮੰਗ ਪੱਤਰ ਵਿਚ ਸਿੱਧੂ ਨੇ ਆਖਿਆ ਕਿ ਪੰਜਾਬ ਨੂੰ ਫ਼ੈਸਲੇ ਲੈਣ ਵਿਚ ਦਲੇਰ, ਦ੍ਰਿੜ੍ਹ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੀ ਲੀਡਰਸ਼ਿਪ ਦੀ ਲੋੜ ਹੈ, ਜਿਹੜੀ ਹਰ ਪੰਜਾਬੀ ਦੀਆਂ ਜਾਇਜ਼ ਮੰਗਾਂ ਪੂਰੀਆਂ ਕਰਨ ਲਈ ਵਚਨਬੱਧ ਹੋਵੇਤੇਉਹ ਖੁਦ ਹਰ ਪੰਜਾਬੀ ਨੂੰ ਇਨਸਾਫ਼ ਦੇਣ ਦੇ



ਨਕਸ਼ੇ ਅਰਥਾਤ ਹਾਈਕਮਾਨ ਦੇ ਦਿੱਤੇ 18 ਸੂਤਰੀ ਏਜੰਡੇ ਨਾਲ ਡਟਕੇ ਖੜੇ ਹਨ।

ਨਵਜੋਤ ਸਿੰਘ ਸਿੱਧੂ ਦੇ ਅੱਜ ਵਾਲੇ ਮੰਗ ਪੱਤਰ ਦੇ ਪਹਿਲੇ ਏਜੰਡੇ ਮੁਤਾਬਕ ਪੰਜਾਬ ਦੇ ਲੋਕਾਂ ਰੂਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਵਿਖੇ ਪੁਲਸ ਫਾਇਰਿੰਗ ਦੇ ਦੋਸ਼ੀਆਂ ਨੂੰ ਜਲਦੀ ਸਜ਼ਾ ਦੀ ਮੰਗ ਕੀਤੀ ਗਈ ਹੈ। ਦੂਸਰੇ ਏਜੰਡੇ ਵਿਚ ਨਸ਼ਿਆਂ ਬਾਰੇ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਦੀ ਰਿਪੋਰਟ ਵਿਚ ਦਰਜ ਨਸ਼ਾ ਤਸਕਰੀ ਕਰਾਉਂਦੇ ਵੱਡੇ ਮਗਰਮੱਛਾਂ ਨੂੰ ਗ੍ਰਿਫ਼ਤਾਰ ਕਰਕੇ ਸਜ਼ਾ ਦਿਵਾਉਣ ਲਈ ਕਿਹਾ ਗਿਆ ਹੈ। ਤੀਸਰੇ ਏਜੰਡੇ ਵਿੱਚ ਕਿਹਾ ਗਿਆ ਹੈ ਕਿ ਖੇਤੀ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ ਤੇ ਅਸੀਂ ਸਭ ਕੇਂਦਰ ਸਰਕਾਰ ਦੇ ਤਿੰਨ ਕਾਲੇ ਕਾਨੂੰਨਾਂ ਦੇ ਵਿਰੁੱਧ ਹਾਂ, ਇਸ ਲਈ ਪੰਜਾਬ ਸਰਕਾਰ ਤਿੰਨ ਕਾਲੇ ਕਾਨੂੰਨਾਂ ਦੀਆਂ ਕੁਝ ਧਾਰਾਵਾਂ ਵਿੱਚ ਸਿਰਫ਼ ਸੋਧਾਂ ਦੀ ਸਿਫ਼ਾਰਸ਼ ਨਾ ਕਰੇ, ਸਗੋਂ ਇਹ ਐਲਾਨ ਕਰੇ ਕਿ ਕਿਸੇ ਵੀ ਕੀਮਤ ਉੱਪਰ ਪੰਜਾਬ ਵਿਚ ਲਾਗੂ ਨਹੀਂ ਹੋਣਗੇ ਅਤੇ ਕਾਲੇ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਨਕਾਰ ਦੇਵੇ, ਜਿਵੇਂ ਸਤਲੁਜ-ਯਮੁਨਾ ਲਿੰਕ (ਐੱਸ ਵਾਈ ਐੱਲ) ਨਹਿਰਬਾਰੇ ਕੀਤਾ ਸੀ, ਵਿਧਾਨ ਸਭਾ ਵੱਲੋਂ ਓਦਾਂ ਦੇ ਦਲੇਰੀ ਵਾਲੇ ਹੱਲ ਦੀ ਲੋੜ ਹੈ।ਸਿੱਧੂ ਨੇ ਕਿਹਾ ਕਿ ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸਦੇ ਲਈ ਵਿਧਾਇਕ ਤਿਆਰ ਹਨ। ਚੌਥੇ ਏਜੰਡੇ ਵਿੱਚਕਿਹਾ ਗਿਆ ਹੈ ਕਿ ਸਾਲ 2017 ਦੀਆਂ ਚੋਣਾਂ ਮੌਕੇ ਬਿਜਲੀ ਖਰੀਦਣ ਬਾਰੇ ਨੁਕਸਦਾਰ ਸਮਝੌਤੇ ਰੱਦ ਕਰਨ ਦਾ ਤੁਹਾਡੇ ਵਾਅਦਾ ਸਰਕਾਰ ਨੂੰ ਪੂਰਾ ਕਰਨਾ ਚਾਹੀਦਾ ਹੈ ਤਾਂ ਕਿ ਪੰਜਬ ਦੇ ਖਜ਼ਾਨੇ ਨੂੰ ਹੋਰ ਖੋਰਾ ਨਾ ਲੱਗੇ। ਪੰਜਵੇਂ ਏਜੰਡੇ ਵਿੱਚ 20 ਤੋਂ ਵੱਧ ਜਥੇਬੰਦੀਆਂ (ਟੀਚਰ, ਡਾਕਟਰ, ਨਰਸਾਂ, ਲਾਈਨਮੈਨ, ਸਫ਼ਾਈ ਸੇਵਕ ਆਦਿ), ਜਿਹੜੇ ਸਾਰੇ ਪੰਜਾਬ ਵਿੱਚ ਧਰਨੇ ਦੇ ਰਹੇ ਹਨ, ਦੀ ਗੱਲ ਸੁਣਨ ਅਤੇ ਸਰਬੱਤ ਦੇ ਭਲੇ ਦੀ ਗੱਲ ਕਹੀ ਗਈ ਹੈ।

## ਪ੍ਰਧਾਨ ਮੰਤਰੀ ਮੋਦੀ ਨਾਲ ਮੀਟਿੰਗ ਪਿੱਛੋਂ ਮਮਤਾ ਬੈਨਰਜੀ ਨੇ ਪੈਗਾਸਸ ਦਾ ਮੁੱਦਾ ਚੁੱਕਿਆ



ਨਵੀਂ ਦਿੱਲੀ, 27 ਜੁਲਾਈ, (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਪਾਰਟੀ ਦੀ ਤੀਸਰੀ ਜਿੱਤ ਦੇ ਕਰੀਬ ਤਿੰਨ ਮਹੀਨੇ ਬਾਅਦ ਸਭ ਕੁੜੱਤਣਾਂ ਨੂੰ ਲਾਂਭੇ ਰੱਖ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਅੱਜ ਮੁਲਾਕਾਤ ਕੀਤੀ, ਜਿਸ ਵਿੱਚ ਕੋਰੋਨਾ ਵਾਇਰਸ ਦੀ ਚੁਣੌਤੀ ਲਈ ਉਸ ਰਾਜ ਨੂੰ ਆਬਾਦੀ ਦੇ ਮੁਤਾਬਕ ਵੈਕਸੀਨ ਦਿਵਾਉਣ ਲਈ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ।

ਤ੍ਰਿਣਮੂਲ ਕਾਂਗਰਸ ਪਾਰਟੀ ਦੀ ਮੁਖੀ ਮਮਤਾ ਬੈਨਰਜੀ ਨੇ ਅੱਜ ਪ੍ਰਧਾਨ ਮੰਤਰੀ ਮੋਦੀ ਨਾਲ ਪੈਗਾਸਸ ਜਾਸੂਸੀ ਦੇ ਵਿਵਾਦ ਉੱਤੇ ਬੇਸ਼ੱਕ ਸਿੱਧੀ ਚਰਚਾ ਨਹੀਂ ਕੀਤੀ, ਪਰ ਪ੍ਰਧਾਨ ਮੰਤਰੀ ਨਾਲ ਬੈਠਕ ਪਿੱਛੋਂ ਮੀਡੀਆ ਨਾਲ ਗੱਲਬਾਤ ਵਿੱਚ ਇਸ ਕਾਂਡ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਜਾਂਚ ਕਰਵਾਉਣ ਦੀ ਮੰਗ ਦੀ ਹਮਾਇਤ ਕੀਤੀ।

ਪੱਛਮੀ ਬੰਗਾਲ ਚੋਣਾਂ ਪਿੱਛੋਂਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਪਹਿਲੀ ਬੈਠਕਬਾਰੇ ਮਮਤਾ ਨੇ ਕਿਹਾ ਕਿ ਇਸ ਵਿੱਚ ਉਨ੍ਹਾਂ ਨੇ ਆਪਣੇ ਰਾਜ ਦੇ ਵਿਕਾਸ ਤੇ ਪ੍ਰਾਜੈਕਟਾਂ ਬਾਰੇ ਚਰਚਾ ਕੀਤੀਤੇ ਕੋਰੋਨਾ ਨਾਲ ਲੜਨਬਾਰੇ ਗੱਲਬਾਤ ਕੀਤੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀਮੋਦੀ ਨੂੰ ਕਿਹਾ ਕਿ ਬੰਗਾਲ ਨੂੰ ਆਬਾਦੀ ਦੇ ਹਿਸਾਬ ਕੋਰੋਨਾ ਵੈਕਸੀਨ ਘੱਟ ਮਿਲੀ ਹੈ, ਇਸ ਨੂੰ ਵਧਾਉਣ ਦੀ ਲੋੜ ਹੈ।ਪੱਛਮੀ ਬੰਗਾਲ ਦਾ ਨਾਂ ਬਦਲਣ ਦੇ ਪੈਂਡਿੰਗ ਮਤੇ ਬਾਰੇ ਮਮਤਾ ਬੈਨਰਜੀ ਨੇ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਨੂੰ ਇਸਬਾਰੇ ਜਲਦੀ ਫ਼ੈਸਲਾ ਲੈਣ ਲਈ ਕਿਹਾ ਹੈ। ਪ੍ਰਧਾਨ ਮੰਤਰੀ ਦੀ ਇਸ ਉੱਤੇ ਪ੍ਰਤੀਕਿਰਿਆ ਕੀ ਸੀ, ਇਸ ਬਾਰੇ ਮਮਤਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿਹਾ ਹੈ: ਅਸੀਂ ਦੇਖਾਂਗੇ।

ਵਿਧਾਨ ਸਭਾ ਚੋਣਾਂ ਦੇ ਕੁਝ ਦਿਨ ਬਾਅਦ ਬੰਗਾਲ ਵਿੱਚ ਚੱਕਰਵਾਤ ਤੂਫਾਨ ਦਾ ਜਾਇਜ਼ਾ ਲੈਣ ਗਏ ਪ੍ਰਧਾਨ ਮੰਤਰੀ ਨਾਲ ਮਮਤਾ ਬੈਨਰਜੀ ਦੀ ਸੰਖੇਪ ਮੁਲਾਕਾਤ ਹੋਈ ਸੀ, ਪਰ ਓਦੋਂ ਉਹ ਸਿਆਸੀ ਤਲਖ਼ੀ ਕਾਰਨ ਆਪਣਾ ਮੰਗ ਪੱਤਰ ਸੌਂਪ ਕੇ ਪ੍ਰਧਾਨ ਮੰਤਰੀ ਦੀ ਬੈਠਕ ਵਿੱਚੋਂ ਨਿਕਲ ਗਈ ਸੀ।ਅੱਜ ਮੰਗਲਵਾਰ ਨੂੰ ਨਰਿੰਦਰ ਮੋਦੀ ਨਾਲ ਮੁਲਾਕਾਤ ਤੇ ਉਨ੍ਹਾਂ ਨਾਲ ਹੋਈ ਗੱਲਬਾਤ ਬਾਰੇ ਮਮਤਾ ਨੇ ਓਦਾਂ ਦੀ ਤਲਖ਼ੀ ਨਹੀਂ ਦਿਖਾਈ।

## ਕਰਨਾਟਕਾ ਦਾ ਨਾਟਕ: ਯੇਦੀਯੁਰੱਪਾ ਦੀ ਜਗ੍ਹਾ ਭਾਜਪਾ ਨੇ ਬਸਵਰਾਜ ਬੋਮਾਈ ਨੂੰ ਮੁੱਖ ਮੰਤਰੀ ਚੁਣਿਆ

ਨਵੀਂ ਦਿੱਲੀ, 27 ਜੁਲਾਈ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਨੇ ਕਰਨਾਟਕਾ ਦੇ ਮੁੱਖ ਮੰਤਰੀ ਵਜੋਂ ਯੇਦੀਯੁਰੱਪਾ ਦਾ ਅਸਤੀਫਾ ਲੈਣ ਪਿੱਛੋਂ ਬਸਵਰਾਜ ਬੋਮਾਈ ਨੂੰ ਨਵੇਂ ਮੁੱਖ ਮੰਤਰੀ ਵਜੋਂ ਅੱਗੇ ਕੀਤਾ ਹੈ।ਅੱਜ ਭਾਜਪਾ ਵਿਧਾਇਕ ਦਲ ਨੇ ਕੇਂਦਰੀ ਨਿਗਰਾਨਾਂ ਅਤੇ ਰਾਜ ਦੇ ਇੰਚਾਰਜਾਂ ਦੀ ਹਾਜ਼ਰੀ ਵਿੱਚ ਬੋਮਾਈ ਨੂੰ ਕਰਨਾਟਕ ਦਾ ਨਵਾਂ ਮੁੱਖ ਮੰਤਰੀ ਚੁਣਿਆ ਹੈ। ਬੰਗਲੁਰੂ ਵਿਚ ਹੋਈ ਬੈਠਕ ਵਿੱਚ ਸਾਬਕਾ ਮੁੱਖ ਮੰਤਰੀ ਬੀਐੱਸ ਯੇਦੀਯੁਰੱਪਾ ਵੀ ਹਾਜ਼ਰ ਸਨ। ਮਿਲੀ ਜਾਣਕਾਰੀ ਅਨੁਸਾਰ 28 ਜਨਵਰੀ 1960 ਨੂੰ ਜਨਮੇ ਬਸਵਰਾਜ ਬੋਮਮਈ ਸਦਾਰਾ ਲਿੰਗਾਇਤ ਭਾਈਚਾਰੇ ਵਿੱਚੋਂ ਹਨ ਅਤੇਯੇਦੀਯੁਰੱਪਾ ਦਾ ਨਜ਼ਦੀਕੀ ਵਫ਼ਾਦਾਰ ਮੰਨੇ ਜਾਣ ਦੇ ਨਾਲ ਪੁਰਾਣੇ ਜੈ ਪ੍ਰਕਾਸ਼ ਨਾਰਾਇਣ ਦੇ ਸਮੇਂ ਤੋਂ ਚੱਲ ਰਹੇ 'ਜਨਤਾ ਪਰਵਾਰ' ਤੋਂ ਹਨ। ਉਨ੍ਹਾਂ ਦੇ ਪਿਤਾ ਐਸ ਆਰ ਬੋਮਾਈ ਕਿਸੇ ਵਕਤ ਕਰਨਾਟਕ ਦੇ ਮੁੱਖ ਮੰਤਰੀ ਰਹੇ ਸਨ। ਸਾਲ 2008 ਵਿਚ ਬਸਵਰਾਜ ਬੋਮਾਈ ਭਾਜਪਾ ਵਿਚ ਸ਼ਾਮਲ ਹੋਏ ਤੇ ਉਦੋਂ ਤੋਂ ਪਾਰਟੀ ਦੇ ਅਹੁਦਿਆਂ ਉੱਤੇ ਉਭਰ ਰਹੇ ਹਨ। ਬੀਤੇ ਸਮੇਂਵਿੱਚ ਬਸਵਰਾਜ ਬੋਮਾਈਨੇ ਕਰਨਾਟਕ ਸਰਕਾਰ ਵਿੱਚ ਪਾਣੀ ਦੇ ਸਰੋਤਾਂ ਦਾਜ਼ਿੰਮਾ ਚੁੱਕਿਆ ਸੀ।ਉਹ ਪੇਸ਼ੇ ਤੋਂ ਇਜੀਨੀਅਰ ਹਨਤੇ ਕੈਰੀਅਰ ਦੀ ਸ਼ੁਰੂਆਤ ਟਾਟਾ ਗਰੁੱਪ ਤੋਂ ਕੀਤੀ ਸੀ। ਉਹ ਦੋ ਵਾਰੀ ਐਮਐਲਸੀ (ਮੈਂਬਰ ਲੈਜਿਸਲੇਟਿਵ ਕੌਂਸਲ) ਤੇ ਹਵੇਰੀ ਜ਼ਿਲੇ ਦੇ ਸ਼ੀਗਾਂਵ ਤੋਂ ਤਿੰਨ ਵਾਰ ਵਿਧਾਇਕ ਬਣ ਕੇ ਰਾਜ ਦੇ ਭਾਜਪਾ ਵਿਧਾਇਕ ਦਲ ਦੇ ਨੇਤਾ ਬਣੇ ਨਵੇਂ ਮੁੱਖ ਮੰਤਰੀ ਬਣੇ ਹਨ।ਵਰਨਣ ਯੋਗ ਹੈ ਕਿ ਯੇਦੀਯੁਰੱਪਾ ਨੇ ਆਪਣੇ ਰਾਜ ਦੇ ਦੋ ਸਾਲ ਪੂਰੇ ਹੋਣ ਦੇ ਦਿਨ ਸੋਮਵਾਰ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਸਨੇ ਇਨ੍ਹਾਂ ਦੋ ਸਾਲਾਂ ਨੂੰ 'ਅਗਨੀ ਪ੍ਰੀਖਿਆ' ਕਰਾਰ ਦੇ ਕੇ ਕਿਹਾ ਕਿ ਉਸ ਨੂੰ ਮੁੱਢਲੇ ਦਿਨਾਂ ਵਿਚ ਬਿਨਾਂ ਕੈਬਨਿਟ ਦੇ ਕੰਮ ਚਲਾਉਣਾ ਪਿਆ ਤੇ ਫਿਰਹੜ੍ਹਾਂ ਤੇ ਕੋਰੋਨਾ ਵਾਇਰਸ ਸਣੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ।ਯੇਦੀਯੁਰੱਪਾ (78) ਨੇ 26 ਜੁਲਾਈ ਨੂੰ ਅਸਤੀਫਾ ਦੇ ਦਿੱਤਾ ਸੀ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਉਨੀਵੀ ਸਦੀ ਦੇ ਅਖੀਰ ਚ', ਅਸਮਾਨ ਵਿਚ ਅਗਿਆਤ ਉਡਣ ਵਾਲੀਆ ਚੀਜਾਂ ਦੀ ਚਰਚਾ ਸੁ਼ਰੂ ਹੋਈ ਸੀ ਜਦ ਮੈਕਸੀਕੋ ਦੇ ਕਿਸੇ ਖੁਗੋਲ ਵਿਗਿਆਨੀ, ਜੋਸ ਬੋਨਿਲਾ ਨੇ ਇਕ ਅਗਿਆਤ ਉਡਣ ਤਸ਼ਤਰੀ ਦੀ ਫੋਟੋ ਖਿਚੀ ਸੀ। ਉਸਤੋਂ ਬਾਅਦ ਯੂ ਕੇ,ਦੇ ਪ੍ਰਧਾਨ ਮੰਤਰੀ ਵਿਨਸੈਂਟ ਚਰਚਲ ਨੇ ਅਕਤੂਬਰ 14, 1912 ਨੂੰ ਅਧਿਕਾਰਤ ਤੌਰ ਤੇ ਦਸਿਆ ਸੀ ਕਿ ਹਾਂ ਐਸੀ ਕੋਈ ਚੀਜ਼ ਵੇਖੀ ਗਈ ਹੈ। ਪਹਿਲਾਂ ਐਸੀਆ ਚੀਜ਼ਾ ਨੂੰ ਉਡਣ ਤਸ਼ਤਰੀਆ ਕਿਹਾ ਜਾਂਦਾ ਸੀ ਪਰ 1950 ਵਿਚ ਅਮਰੀਕਾ ਦੇ ਹਵਾਈ ਫੌਜੀ ਅਧਿਕਾਰੀਆ ਨੇ ਇਸਨੂੰ 'ਯੂ ਐਫ ਓ' ਦਾ ਨਾਮ ਦੇ ਦਿਤਾ ਜਿਸ ਦਾ ਮਤਲਬ ਹੈ ਅਨ ਅਡੈਂਟੀਫਾਈਡ ਫੌਰਿਨ ਔਬਜੈਕਟਸ ਯਾਨੀ ਅਗਿਆਤ ਅਤੇ ਪ੍ਰਿਥਵੀ ਤੋਂ ਬਾਹਰੀ ਉਡਣ ਵਾਲੀਆ ਚੀਜਾਂ। ਹੁਣ ਤਕ ਦੁਨੀਆ ਦੇ 26 ਤੋਂ ਵਧ ਮੁਲਕਾ ਵਿਚ ਹਜਾਰਾਂ ਵਾਰੀ ਇਹ ਤਸ਼ਤਰੀਆ ਵੇਖੀਆ ਜਾ ਚੁਕੀਆ ਹਨ। ਕੇਵਲ ਕਨੇਡਾ ਵਿਚ ਹੀ 1000ਤੋਂ ਵਧ ਵਾਰੀ ਐਸਾ ਕੁਝ ਵੇਖਿਆ ਗਿਆ ਹੈ। ਹੈਰਾਨੀ ਇਸ ਗਲ ਦੀ ਹੈ ਕਿ ਅਜੇ ਤਕ ਐਸੇ ਕਿਸੇ ਵੀ ਜਹਾਜ਼ ਨੂੰ ਨਾ ਘੇਰਿਆ ਗਿਆ ਹੈ ਅਤੇ ਨਾ ਹੀ ਇਸ ਨੂੰ ਕਿਸੇ ਨੇ ਨਜ਼ਦੀਕ ਤੋਂ ਵੇਖਿਆ ਹੈ। ਕੇਵਲ ਦੂਰ ਅਸਮਾਨ ਵਿਚ ਉਡਦੇ ਜਰੂਰ ਵੇਖਿਆ ਗਿਆ ਹੈ। ਵੇਖਣ ਵਾਲਿਆ ਵਲੋਂ ਜੋ ਸ਼ਕਲ ਬਿਆਨ ਕੀਤੀ ਜਾਂਦੀ ਹੈ, ਉਸ ਮੁਤਾਬਿਕ ਇਹ ਲਾਟੂ ਵਰਗੇ ਗੋਲ ਅਕਾਰੀ ਜਹਾਜ਼ ਹੁੰਦੇ ਹਨ ਜਾਂ ਤਿਕੋਨੀ ਸ਼ਕਲ ਦੇਹੁੰਦੇ ਹਨ। ਕਦੇ ਕਦਾਈ ਅੰਡੇ ਦੀ ਸ਼ਕਲ ਵੀ ਵੇਖੀ ਗਈ ਹੈ। ਕਦੇ, ਇਕ ਵਡਾ ਜਹਾਜ਼ ਧਰਤੀ ਦੇ ਨਜ਼ਦੀਕ ਆਉਂਦਾ ਹੈ ਅਤੇ ਉਸ ਵਿਚੋਂ ਦੋ ਜਾ ਦੋ ਤੋਂ ਵਧ ਛੋਟੇ ਅਕਾਰ ਦੇ ਜਹਾਜ਼ ਵਖ ਹੁੰਦੇ ਦਿਖਦੇ ਹਨ। ਫਿਰ ਅਲੋਪ ਹੋ ਜਾਂਦੇ ਹਨ।ਗੂਗਲ ਸਰਚ ਕਰੋ ਤਾਂ ਸੈਂਕੜੇ ਯੂ

# ਯੂ ਐਫ ਓ- ਅਗਿਆਤ ਉਡਣ ਤਸ਼ਤਰੀਆਂ

ਅਜੀਤ ਸਿੰਘ ਰੱਖੜਾ
905 794 7882



ਟਿਊਬ ਕਲਿਪਸ ਮਿਲਦੇ ਹਨ ਜੋ ਯੂ ਐਫ ਓ ਦੇ ਦਰਿਸ਼ ਦਰਸਾਉਂਦੇ ਹਨ। ਸਭ ਤੋਂ ਦਿਲਚਸਪ ਕਲਿਪ ਫਰਾਸ ਬਾਰੇ ਹੈ, ਜੋ 17 ਅਕਤੂਬਰ 1952 ਵਿਚ ਘਟਤ ਹੋਇਆ ਸੀ। ਇਕ ਪ੍ਰੋਫੈਸਰ ਆਪਣੀ ਫੈਮਲੀ ਨਾਲ ਬੈਠਾ, ਡਿਨਰ ਲਈ ਤਿਆਰ ਹੈ ਕਿ ਉਸਦਾ ਸਕੂਲ ਵਿਚ ਪੜ੍ਹਦਾ 12 ਕੁ ਸਾਲ ਦਾ ਲੜਕਾ ਰੌਲਾ ਪਉਂਦਾ ਹੈ ਕਿਡੈਡੀ ਆਓ ਖਿੜਕੀ ਵਿਚੋਂ ਵੇਖੋ ਆਪਣੇ ਘਰ ਉਪਰ ਕੀ ਮੰਡਰਾ ਰਿਹਾ ਹੈ। ਵੇਖਕੇ ਪਿਤਾ ਆਪਣੀ ਪਤਨੀ ਨੂੰ ਵੀ ਬੁਲਾ ਲੈਂਦਾ ਹੈ। ਸਾਰਾ ਪ੍ਰੀਵਾਰ ਹੈਰਾਨ ਹੈ। ਇਕ ਬਸ ਤੋਂ ਵੀ ਵਡਾ ਜਹਾਜ਼ ਓਨ੍ਹਾ ਦੇ ਵਿਹੜੇ ਵਿਚ ਦਰੱਖਤਾ ਦੇ ਉਪਰ ਹੈਲੀ ਕੌਪਟਰ ਦੀ ਤਰ੍ਹਾ ਇਕ ਜਗਾਹ ਖੜ੍ਹਾ ਹੈ। ਬੜੀ ਤੇਜ਼ ਰੌਸ਼ਨੀ ਨੀਚੇ ਤਕ ਪਹੁੰਚ ਰਹੀ ਹੈ। ਅਚਾਨਕ ਦੋ ਨਿਕੇ ਲਾਟੂ ਨੁਮਾ ਜਹਾਜ਼ ਵਖ ਹੋ ਜਾਂਦੇ ਹਨ। ਵਡੇ ਜਹਾਜ਼ ਵਿਚੋਂ ਮਕੜੀ ਦੇ ਜਾਲੇ ਵਰਗਾ ਚਿਟਾ ਪਦਾਰਥ ਦਰੱਖਤਾ ਉਪਰ ਸੁਟਕੇ ਸਾਰੇ ਜਹਾਜ਼ ਅਲੋਪ ਹੋ ਜਾਂਦੇ ਹਨ। ਪ੍ਰੀਵਾਰ ਦੇ ਮੈਂਬਰ ਘਬਰਾਏ ਨਹੀਂ ਸਗੋਂ ਜਾਲੇ ਨੂੰ ਉਂਗਲਾ ਲਗਾ ਲਗਾ ਵੇਖ ਰਹੇ ਹਨ।ਅਮੂਮਨ ਅਜਿਹੇ ਹਾਦਸੇ ਰਾਤ ਵੇਲੇ ਹੁੰਦੇ ਦਰਸ-ਾਏ ਜਾਂਦੇ ਹਨ।

ਯੂ ਐਫ ਓ ਸਾਈਟਿੰਗਜ਼ (ਦਿਖਣਾ) ਬਾਰੇ ਐਨੀਆਂ ਚਰਚਾਵਾ ਚਲਦੀਆ ਰਹਿੰਦੀਆਂ ਹਨਕਿ ਤਕਰੀਬਨ ਸਭ ਮੁਲਕ ਸਹਿਮਤੀ ਦੇ ਚੁਕੇ ਹਨ ਕਿ ਅਜਿਹੀਆ ਅਫਵਾਹਾਂ ਦੀ ਅਸਲੀਅਤ ਪਤਾ ਕਰਨ ਲਈ ਇਕ ਸੰਸਥਾ ਬਣਾਈ ਜਾਵੇ ਅਤੇ ਇਕ ਦਿਨ ਮਿਥਿਆ ਜਾਵੇ ਜਦ ਸਭ ਮੁਲਕਾਂ ਦੇ ਨੁਮਾਇੰਦੇ ਇਕੱਠੇ ਹੋਕੇ ਆਪਣੀ ਆਪਣੀ ਰੀਪੋਰਟਿੰਗ ਕਰਿਆ ਕਰਨ ਤਾਂ ਜੋਉਨ੍ਹਾ ਉਪਰ ਅਗਲੀ ਖੋਜ ਦਾ ਸਿਲਸਿਲਾ ਚਲਾਇਆ ਜਾਵੇ। ਇਹ ਡੇਟ ਹਰ ਸਾਲ 2 ਜੁਲਾਈ ਨੂੰ ਹੁੰਦੀ ਹੈ। ਨਾਮ ਰਖਿਆ ਗਿਆ ਹੈ 'ਵਰਡ ਯੂ ਐਫ ਓ ਡੇਅ'।ਲੋਕ ਕਥਾਵਾ ਕਹਿੰਦੀਆ ਹਨ ਕਿ ਜਿਸ ਤਰ੍ਹਾ ਸਾਡੇ ਸਾਇੰਸਦਾਨ ਚੰਦਰਮਾ ਅਤੇ ਹੋਰ ਗਰਿਹਾ ਉਪਰ ਪਹੁੰਚਣ ਦੀ ਦੌੜ ਵਿਚ ਲਗੇ ਹੋਏ ਹਨ, ਇਸੇ ਤਰ੍ਹਾ ਕਿਸੇ ਹੋਰ ਧਰਤੀ ਦੇ ਲੋਕ ਸਾਡੀ ਧਰਤੀ ਵੇਖਣ ਲਈ ਆਉਂਦੇ ਹਨ। ਅਜੋਕੀ ਪੁਲਾੜ ਖੋਜ ਮੁਤਾਬਿਕ ਇਹ ਵੀਚਰਚਾ ਹੈ ਕਿ ਚੰਦਰਮਾ ਦਾ ਕਾਲਾ ਹਿਸਾ ਜੋ ਧਰਤੀ ਤੋਂ ਕਦੇ ਵੀ ਨਹੀ ਵੇਖਿਆ ਜਾਂਦਾ, ਉਹ ਪੂਰੀ ਤਰ੍ਹਾ ਵਿਕਸਤ ਹੈ। ਉਥੇ ਲੋਕ ਰਹਿ ਰਹੇ ਹਨ। ਯੂ ਟਿਊਬ ਉਪਰ ਇਕ ਵੀਡੀਓ ਹੈ ਜਿਸਦਾ ਨਾਮ ਹੈ 'ਫਾਈਵ ਐਵੀਡੈਂਸਜ਼ ਆਫ ਏਲੀਅਨ ਲਾਈਫ ਔਨ ਮੂਨ'। ਦਰਸ-ਾਇਆ ਗਿਆ ਹੈ ਕਿ ਉਥੇ ਬਹੁਤ ਉਚੇ ਉਚੇ ਮੀਨਾਰ ਹਨ। ਵਡੇ ਵਡੇ ਐਂਟੀਨਾ ਦਿਖਦੇ ਹਨ। ਇਕ ਬਹੁਤ ਵਡੇ ਇਨਸਾਨੀ ਸਟੈਚੂ ਦੀ ਪਰਛਾਈ ਦਿਖਦੀ ਹੈ। ਤਿਖੀਆ ਰੌਸ਼ਨੀਆ ਨਜ਼ਰ ਆ ਰਹੀਆ ਹਨ। ਇਕ ਆਇਤਾਕਾਰ ਮੈਦਾਨ ਹੈ ਜੋ ਸ਼ਾਇਦ ਹਵਾਈ ਜਹਾਜਾਂ ਦਾ ਅੱਡਾ ਹੈ। ਇਕ ਚੌਰਸ ਦਰਵਾਜ਼ਾ ਦਿਖਦਾ ਹੈ ਜੋ ਸ਼ਾਇਦ ਧਰਤੀ ਸਤਿਹ ਤੋਂ ਨੀਚੇ ਜਾਣ ਦਾ ਰਸਤਾ ਹੈ। 'ਵੀਅਰਡ ਵਰਡ' ਯੂ ਟਿਊਬਰ ਵਲੋਂ ਬਣਾਈ ਗਈਇਹ ਵੀਡੀਓ ਹੈ। ਅਜਕਲ ਨਾਸਾ ਦਾ ਇਕ ਪਰਸੀਵਰੈਂਸਰੋਵਰ ਮੰਗਲ ਤਾਰੇ ਉਪਰ ਖੋਜ ਕਰ ਰਿਹਾ ਹੈ। ਉਸਨੇ ਇਕ ਖਰਾਬ ਹੋ ਚੁਕੇ ਯੂ ਐਫ ਓ ਦੀ ਫੋਟੋ ਭੇਜੀ ਹੈ ਜੋ ਅਧਾ ਕੁ ਧਰਤੀ ਵਿਚ ਖੁਭ ਚੁਕਾ ਹੈ। ਸ਼ਕਲ ਉਸਦੀ ਵੀ ਉਡਣ ਤਸ਼ਤਰੀ ਵਰਗੀ ਹੀ ਹੈ। ਯਾਦ ਰਹੇ ਕਿ ਅਜਿਹੀਆਂ ਕਲਪਿਸ ਅਸਲੀ ਨਹੀਂ ਹੁੰਦੀਆ। ਸੁਣੀਆ ਘਟਨਾਵਾਂ ਨੂੰ ਐਨੀਮੇਸ਼ਨ ਰਾਹੀ ਕਲਪਿਸ ਬਣਾਏ ਹੁੰਦੇ ਹਨ। ਜਿਵੇਂ ਆਮ ਪਿਕਚਰਾ ਵਿਚ ਵੇਖੀਦਾ ਹੈ। ਇਕ ਮੁਕੇ ਨਾਲ ਬੰਦਾ ਹਵਾ ਵਿਚ ਉਡਦਾ ਵਿਖਾ ਦੇਂਦੇ ਹਨ।

ਇੰਗਲੈਂਡ ਵਿਚ ਇਕ ਨੌਰਫੋਕ ਕਉਂਟੀ ਏਰੀਆ ਹੈ ਜੋ ਯੂ ਐਫ ਓ ਸਾਈਟਿੰਗਜ਼ ਵਾਸਤੇ ਬਹੁਤ ਮਸ਼ਹੂਰ ਹੈ। ਇਸ ਇਲਾਕੇ ਵਿਚ ਹਵਾਈਤਸ਼ਤਰੀਆ ਵੇਖੇ ਜਾਣ ਦੀਆ ਚਰਚਾਵਾ ਆਮ ਚਲਦੀਆ ਰਹਿੰਦੀਆ ਹਨ। ਤਕਰੀਬਨ 300 ਲੋਕ ਕਹਿ ਚੁਕੇ ਹਨ ਕਿ ਉਨ੍ਹਾ ਨੇ ਹਰੇ ਰੰਗ ਦੇ ਏਲੀਅਨ ਵੇਖੇ ਹਨ ਅਤੇ ਉਨ੍ਹਾ ਨੇ ਏਲੀਅਨ ਮਰਦਾਂ ਅਤੇ ਔਰਤਾ ਨਾਲ ਸਰੀਰਕ ਸੰਬੰਧ ਵੀ ਬਣਾਏ ਹਨ। ਜਿਵੇਂ ਧਰਤੀ ਦੇ ਲੋਕ ਬਦਾਮੀ ਰੰਗ ਦੇ ਹਨ ਇਵੇਂ ਏਲੀਅਨਜ਼ ਹਰੇ ਰੰਗ ਦੇ ਹਨ। ਕਪੜੇ ਨਹੀਂ ਪਹਿਨਦੇ ਅਤੇ ਸਰੀਰ ਉਪਰ ਕੋਈ ਵਾਲ ਨਹੀਂ ਹੁੰਦੇ। ਬਾਕੀ ਸਰੀਰ ਦੀ ਨਿਸਬਤ ਅਖਾ ਬਹੁਤ ਵਡੀਆ ਹਨ। ਇਨ੍ਹਾ ਅਫਵਾਹਾ ਦੇ ਚਲਦਿਆ ਇਕ ਸਰਵੇ ਕੰਪਨੀ ਦੀ ਵੈਬਸਾਈਟ (ਬਜ਼ਬਿੰਗੋ ਡੌਟ ਕੌਮ) ਦੇ ਡੇਵਿਡ ਐਂਬਰਮਜ਼ ਨੇਲੋਕਾਂ ਨਾਲ ਮੀਟਿੰਗਾ ਕੀਤੀਆ ਅਤੇ ਅਸਲੀਅਤ ਪਤਾ ਕਰਨ ਦੀ ਕੋਸ਼ਿਸ਼ ਕੀਤੀ। ਐਡੀ ਗਿਣਤੀ ਵਿਚ ਲੋਕਾਂ ਦੇ ਦਾਅਵੇ ਮੂਹਰੇ ਉਸ ਨੂੰ ਮੰਨਣਾ ਪਿਆ ਕਿ ਕੁਝ ਸਚ ਤਾਂ ਜਰੂਰ ਹੈ। ਦਾਅਵਾ ਕਰਨ ਵਾਲੇ ਲੋਕਾਂ ਵਿਚ ਵਖ ਵਖ ਸ਼ਹਿਰਾ ਦੇ ਬੰਦੇਸਨ, ਜਿਨ੍ਹਾ ਵਿਚ ਬ੍ਰਿਸਟਲ, ਲਿਵਰਪੂਲ ਅਤੇ ਨੌਰਵਿਚ ਸ਼ਹਿਰਾਂ ਦੇ ਵਸਨੀਕ ਸਨ। ਇਸੇ ਤਰ੍ਹਾ ਅਮਰੀਕਾ ਵਿਚ ਇਕ ਸਰਕਾਰੀ ਖੇਤਰ ਦਾ ਨਾਮ ਏਰੀਆ 51 ਹੈ ਜੋ ਨਵਾਡਾ ਸਟੇਟ ਵਿਚ ਹੈ। ਇਹ ਬੇਸ ਏਅਰਫੋਰਸ ਮਿਲਟਰੀ ਦੇ ਤਹਿਤ ਕੰਮ ਕਰਦਾ ਹੈ। ਇਸਨੂੰ ਲੋਕਾਂ ਦੀ ਨਿਗਾਹ ਤੋਂ ਦੂਰ ਰਖਿਆ ਗਿਆ ਹੈ। ਇਹ ਏਰੀਆ ਮਿਲਟਰੀ ਖੋਜਾਂ ਵਾਸਤੇ ਰਾਖਵਾਂ ਹੈ। ਕੋਈ ਗੈਰ ਆਦਮੀ ਇਸ ਜਗਾਹ ਵੇਖ



ਲਿਆ ਜਾਵੇ ਤਾਂ ਸਿੱਧਾ ਮਾਰ ਦਿਤਾ ਜਾਂਦਾ ਹੈ। ਅਫਵਾਹਾ ਹਨ ਕਿ ਅਮਰੀਕੀ ਸਰਕਾਰ ਕੋਲ ਏਲੀਅਨ ਅਤੇ ਯੂ ਐਫ ਓ ਬਾਰੇ ਬਹੁਤ ਸਾਰੀਆ ਸਚਾਈਆ ਹਨ ਪਰ ਇਹ ਸਭ ਕੁਝ ਆਮ ਜੰਤਾ ਕੋਲੋ ਛੁਪਾਇਆ ਜਾਂਦਾ ਹੈ ਤਾਂ ਜੋ ਲੋਕਾਂ ਵਿਚ ਡਰ ਅਤੇ ਭੈਅ ਦੀ ਹਲਚਲ ਨਾ ਮਚ ਜਾਵੇ। ਅਫਵਾਹਾ ਇਥੋਂ ਤਕ ਹਨ ਕਿ ਸਰਕਾਰ ਕੋਲ ਯੂ ਐਫ ਓ ਜਹਾਜ਼ ਅਤੇ ਇਨ੍ਹਾ ਦੇ ਡਰਾਈਵਰ ਏਲੀਅਨਜ਼ ਭੀ ਗਰਿਫਤ ਵਿਚ ਹਨ ਜਿਨ੍ਹਾ ਨਾਲ ਗਲਬਾਤ ਕਰਨ ਦੇ ਤਰੀਕੇ ਢੂੰਡੇ ਜਾ ਰਹੇ ਹਨ। ਏਰੀਆ 51 ਦੀ ਹੋਂਦ ਤੋਂ ਬੜੀ ਦੇਰ ਤਕਅਮਰੀਕੀ ਸਰਕਾਰ ਮੁਕਰਦੀ ਰਹੀ ਸੀ ਪਰ ਜਦ ਰਾਈਟ ਆਫ ਇਨਫਰਮੇਸ਼ਨ ਦੇ ਤਹਿਤ, ਪੁਛਗਿਸ਼ ਨੇ ਜੋਰ ਫੜਿਆ ਤਾਂ 25 ਜੂਨ 2013ਨੂੰ ਸਰਕਾਰ ਨੇ ਮੰਨਿਆ ਸੀ ਕਿ ਹਾਂ ਐਸੀ ਜਗਾਹ ਹੈ ਜਿਥੇ ਏਅਰਫੋਰਸ ਆਪਣੇ ਨਵੇਂ ਨਵੇਂ ਜਹਾਜ਼ ਟੈਸਟ ਕਟਦੀ ਹੈ ਅਤੇ ਪਾਇਲਟਸ ਨੂੰ ਟਰੇਨਿੰਗ ਦਿਤੀ ਜਾਂਦੀ ਹੈ।

ਕਨੇਡਾ ਦੀ ਸਰਕਾਰ ਇਸ ਪਾਸੇ ਬਹੁਤਾ ਧਿਆਨ ਨਹੀਂ ਦੇ ਰਹੀ। ਕੇਵਲ ਇਕ ਬੰਦੇ ਨੇ ਇਸਨੂੰ ਬਹੁਤਾ ਪ੍ਰਚਾਰਿਆ ਸੀ। ਦਸੰਬਰ 1950 ਵਿਚ ਟਰਾਂਸਪੋਰਟ ਕੈਨਾਡਾ ਦਾ ਇਕ ਰੈਡੀਓ ਐਨਜੀਨੀਅਰ 'ਵਿਲਬਰਟ ਬਰੁਕਹਊਸ ਸਮਿਥ' ਨੇ ਆਪਣੇ ਤੌਰ ਤੇ ਸੰਸਥਾ ਬਣਾਕੇ 'ਪਰੋਜੈਕਟ ਮੈਗਨਿਟ' ਸ਼ੁਰੂ ਕੀਤਾ ਸੀ ਜੋ ਯੂ ਐਫ ਓ ਸਾਈਟਿੰਗਜ਼ ਦੀ ਖੋਜ ਕਰਦਾ ਸੀ। ਉਸਤੋਂ ਬਾਅਦ ਸਰਕਾਰੀ ਤੌਰ ਤੇ ਅਪਰੈਲ 1952 ਵਿਚ ਇਕ ਕਮੇਟੀ ਬਣਾਈ ਗਈ ਜਿਸ ਵਿਚ ਮਿਸਟਰ ਸਮਿਥ ਨੂੰ ਵੀ ਲਿਆ ਗਿਆ। ਕਮੇਟੀ ਦਾ ਨਾਮ ਸੀ 'ਪਰੋਜੈਕਟ ਸੈਕਿੰਡ ਸਟੋਰੀ'। 1960 ਵਿਚ ਸਮਿਥ ਦੀ ਮੌਤ ਬਾਅਦ ਤਕਰੀਬਨ ਸਭ ਕੁਝ ਬੰਦ ਹੀ ਹੋ ਗਿਆ। ਸਮਿਥ ਦਾ ਕਹਿਣਾ ਸੀ ਕਿ ਦਿਖਣ ਵਾਲੇ ਯੂ ਐਫ ਓ ਜਹਾਜ, ਨਿਰਸੰਧੇਹ ਧਰਤ-ਪਰ੍ਹੇ ਤੋਂ ਆਉਂਦੇ ਹਨ ਅਤੇ ਇਨ੍ਹਾ ਵਾਸਤੇ ਮਗਨੈਟਿਕ ਸਾਇੰਸ ਦਾ ਇਸਤੇਮਾਲ ਹੁੰਦਾ ਹੈ। ਇਸ ਸਾਇੰਸ ਨੂੰ ਧਰਤੀ ਦੇ ਲੋਕ ਨਹੀਂ ਜਾਣਦੇ। ਇਸ ਲਈ ਸਾਨੂੰ ਖੋਜ ਕਰਕੇ ਪਤਾ ਕਰਨਾ ਚਾਹੀਦਾ ਹੈ ਕਿ ਇਹ ਕੀ ਹੈ ਅਤੇ ਧਰਤੀ ਦੇ ਲੋਕਾਂ ਵਾਸਤੇ ਇਕ ਨਵਾਂ ਸੋਰਸ ਆਫ ਅਨੱਰਜੀ ਲਭਣਾ ਚਾਹੀਦਾ ਹੈ। ਉਹ ਇਹ ਵੀ ਕਹਿੰਦਾ ਸੀ ਕਿ ਧਰਤੀ ਤੋਂ ਬਾਹਰੀ ਲੋਕਾਂ ਨਾਲ ਉਸਦਾ ਸੰਪਰਕ ਵੀ ਹੈ ਜੋ ਟੈਲੀਪੈਥੀ ਦੇ ਮਾਧਿਅਮ ਰਾਹੀਂ ਕੀਤਾ ਜਾ ਰਿਹਾ ਹੈ। ਮਾਜੂਦਾ ਸਮੇ ਮੈਨੀਟੋਬਾ ਦੇ ਵਿਨੀਪੈਗ ਸ਼ਹਿਰ ਵਿਚ ਯੂਫੋਲੋਜੀ ਰੀਸਰਚ ਸੈਂਟਰ ਹੈ ਜਿਸ ਵਿਚ ਯੁਫੋਲੋਜਿਸਟ ਕਰਿਸ ਰੈਟਕੋਵਕਸੀ ਨਾਮ ਦਾ ਪਰੋਫੈਸਰ, ਸਰਗਰਮ ਹੈ ਜੋ ਸਲਾਨਾ ਰੀਪੋਰਟ ਤਿਆਰ ਕਰਦਾ ਹੈ। ਉਸ ਮੁਤਾਬਿਕ ਕਰੋਨਾ ਪੈਂਡਮਿਕ ਦੌਰਾਨ ਯੂਅਫ ਓ ਵੇਖਣ ਦੇ ਕੇਸਾ ਵਿਚ ਇਜ਼ਾਫਾ ਹੋਇਆ ਹੈ। ਸ਼ਾਇਦ ਇਸ ਸਮੇ ਲੋਕ ਵਿਹਲੇ ਹੋਣ ਕਾਰਣ ਅਸਮਾਨ ਵਲ ਵਧ ਵੇਖਦੇ ਹਨ।

ਕਨੇਡਾ ਵਿਖੇ ਮੈਨੀਟੋਬਾ ਵਿਚ ਸਭ ਤੋਂ ਜ਼ਿਆਦਾ ਕੇਸ ਹੁੰਦੇ ਹਨ, ਜਦਕੇ ਇਹ ਕੁਝ ਬੀਸੀ, ਉਂਟਾਰੀਓ, ਅਲਬਰਟਾ ਅਤੇ ਸੈਸਕੈਚਵਿਨ ਵਿਚ ਵੀ ਵੇਖਿਆ ਜਾਦਾ ਹੈ। ਮੈਨੀਟੋਬਾ ਦੇ ਇਕ ਭਰੋਸੇ ਯੋਗ ਕੇਸ ਵਿਚ ਦੋਂ ਬੰਦੇ ਯੂ ਐਫ ਓ ਨੂੰ ਨਜ਼ਦੀਕ ਤੋਂ ਵੇਖਣ ਲਈ ਉਸਦੇ ਲਾਗੇ ਗਏ ਜੋ ਧਰਤੀ ਉਪਰ ਟਿਕਿਆ ਬੈਠਾ ਸੀ। ਸਟੀਫਨ ਮੈਕਲਿਕ ਥੋਹੜਾ ਦਿਲਚਲਾ ਸੀ। ਜਦ ਉਸਨੇ ਚਮਕ ਰਹੇ ਗੋਲ ਜਹਾਜ਼ ਨੂੰ ਹਥ ਲਗਾਇਆ ਤਾਂ ਉਸਨੂੰ ਸ਼ੌਕ ਜਿਹਾ ਲਗਾ। ਫਿਰ ਉਸ ਉਪਰ ਅਗ ਦਾ ਵਾਰ ਹੋਇਆ ਅਤੇ ਭਜਦੇ ਹੋਏ ਦੇ ਕਪੜਿਆ ਨੂੰ ਅਗ ਲਗ ਗਈ। ਛਾਤੀ ਉਪਰ ਸੜਨ ਦੇ ਨਿਸ਼ਾਨ ਪੈ ਗਏ। ਹਸਪਤਾਲ ਦੇ ਇਲਾਜ ਤੋਂ ਬਾਅਦ ਉਹ ਨਿਸ਼ਾਨ ਹਾਲਾਂ ਤਕ ਵੀ ਉਸਦੇ ਸਰੀਰ ਉਪਰ ਵੇਖੇ ਜਾ ਸਕਦੇ ਹਨ। ਉਹੀ ਨਿਸ਼ਾਨ ਉਸਦੀ ਸ਼ਰਟ ਉਪਰ ਵੀ ਦੇਖੇ ਗਏ ਸਨ। ਜਿਵੇਂ ਗਰਿਲ ਦੇ ਨਿਸ਼ਾਨ ਹੋਣ। ਇਸ ਤੋਂ ਇਲਾਵਾ ਮੈਨੀਟੋਬਾ ਦੇ ਇਕ ਹੋਰ ਕੇਸ ਵਿਚ,ਜਿਸ ਨੂੰ ਇਕ ਕਿਸਾਨ ਨੇ ਰੀਪੋਰਟ ਕੀਤਾ ਸੀ। ਉਸਨੇ ਗੋਲ ਜਹਾਜ਼ ਰਾਹੀ ਫਸਲਾਂ ਵਾਲੇ ਖੇਤ ਵਿਚ ਗੋਲ ਨਿਸ਼ਾਨ ਬਣੇ ਦਿਖਾਏ। ਫਸਲਾਂ ਵਢੀਆਂ ਨਹੀਂ ਗਈਆ ਸਗੋਂ ਸੁਹਾਗੀਆ ਗਈਆ ਸਨ।


ਭਾਵੇਂ ਦੁਨੀਆ ਭਰ ਦੇ 26 ਮੁਲਕ ਹਨ ਜੋ ਯੂ ਐਫ ਓ ਬਾਰੇ ਜਾਣਕਾਰੀਆ ਸਾਝੀਆ ਕਰਦੇ ਹਨ ਜਿਨ੍ਹਾ ਵਿਚ ਦੂਰ ਦੁਰਾਡੇ ਅਸਟਰੇਲੀਆ, ਅਫਰੀਕਾ, ਜਪਾਨ ਕੋਰੀਆ ਅਤੇ ਸੋਵੀਅਤ ਲੈਂਡ ਵੀ ਹਨ। ਬਹੁਤੇ ਮੁਲਕ ਪਛਮੀ ਗੋਲਾਰਧ ਦੇ ਹਨ ਜਿਵੇਂ ਕਿ ਮੈਕਸੀਕੋ,ਨੀਊਜ਼ੀਲੈਂਡ, ਹੰਗਰੀ, ਇਟਲੀ ਅਤੇ ਸਵੀਡਨ ਵਗੈਰਾ। ਕੇਵਲ ਪੰਜ ਮੁਲਕ ਐਸੇ ਹਨ ਜਿਨ੍ਹਾ ਨੇ ਸਰਕਾਰੀ ਫੰਡਿੰਗ ਨਾਲ ਕੋਈ 17 ਸੰਸਥਾਵਾ ਚਾਲੂ ਕਰ ਰਖੀਆ ਹਨ ਜੋ ਬਾਕਾਇਦਾ ਚਰਚਿਤ ਵਿਸ਼ੇ ਉਪਰ ਰੀਸਰਚ ਕਰ ਰਹੀਆ ਹਨ। ਇਨ੍ਹਾ ਵਿਚ ਕਨੇਡਾ ਦਾ 'ਪ੍ਰਜੈਕਟ ਮੈਗਨਟ' ਜਾਂ ਪ੍ਰਜੈਕਟ ਸੈਕਿੰਡ ਸਟੋਰੀ ਵੀ ਸ਼ਾਮਲ ਸਨ। ਸਭ ਤੋਂ ਵਧ ਸੰਸਥਾਵਾ ਯੂ ਐਸ ਏ ਦੀਆ ਹਨ ਜਿਨ੍ਹਾ ਦੀ ਗਿਣਤੀ 12 ਹੈ। ਉਸਤੋਂ ਬਾਅਦ ਯੂਕੇ ਦੀਆਂ 2, ਸੋਵੀਅਤ ਯੂਨੀਅਨ, ਕੈਨਾਡਾ ਅਤੇ ਬਰਾਜ਼ੀਲ ਦੀ ਇਕ ਇਕ। ਅਧਿਕਾਰਤ ਤੌਰ ਤੇ ਹਾਲਾਂ ਕਿਸੇ ਵੀ ਸੰਸਥਾ (ਡੀਪਾਰਟਮੈਂਟ) ਨੇ ਯੂਐਫ ਓ ਦੀ ਹੋਂਦ ਬਾਰੇ ਸਬੂਤਾ ਸਮੇਤ ਐਲਾਨ ਨਹੀਂ ਕੀਤਾ।

ਯੂ ਐਫ ਓ ਦਾ ਵਿਸ਼ਾ ਐਨਾ ਦਿਲਚਸਪ ਹੈ ਕਿ ਅਨੇਕਾ ਟੀਵੀ ਪ੍ਰੋਗਰਾਮ ਇਸ ਵਿਸ਼ੇ ਉਪਰ ਚਲ ਰਹੇ ਹਨ। ਜਿਵੇਂ ਟੀਵੀ ਕੁਐਸਟ, ਟੀਵੀ-51, ਟੀਵੀ ਸੈਕਸ਼ਨ-51, ਸਿੰਪਲੀ ਸਪੇਸ,ਵਾਚ ਮੌਜੋ, ਰਹੱਸ ਅਤੇ ਅਨੇਕਾਂ ਹੋਰ ਸ਼ੋਅ ਜਿਨਾਂ ਵਿਚੋਂ ਏਨਸ਼ੈਂਟ ਏਲੀਅਨਜ਼, ਇਨ ਸਰਚ ਆਫ ਏਲੀਅਨਜ਼, ਯੂਐਫ ਓਜ਼, ਏਲੀਅਨ ਹਾਈਵੇ ਅਤੇ ਅਨਸੀਲਡ ਏਲੀਅਨ ਫਾਈਲਜ਼, ਬਹੁਤ ਵੇਖੇ ਜਾਂਦੇ ਹਨ। ਦਰਅਸਲ ਸੰਸਾਰ ਵਿਚ ਕਈ ਐਸੇ ਵਿਸ਼ੇ ਹਨ ਜਿਨ੍ਹਾ ਦੀ ਸਚਾਈ ਹਮੇਸ਼ਾ ਗੋਪਨੀਯ ਰਹਿੰਦੀ ਹੈ। ਜਿਵੇਂ ਪੁਨਰ ਜਨਮ ਦੀ ਥੀਊਰੀ, ਭੁਤ ਚੁੜੇਲਾਂ ਦੀਹੋਂਦ ਅਤੇ ਨਰਕ ਸੁਰਗ ਦਾਵਿਸ਼ਵਾਸ ਵਗੈਰਾ। ਅਜਿਹਾ ਹੀ ਵਿਸ਼ਾ ਸਾਡੇ ਹਥਲੇ ਲੇਖ ਦਾ ਹੈ। ਅਫਵਾਹਾ ਕਹਿੰਦੀਆ ਹਨ ਕਿ ਇਹ ਸਭ ਕੁਝ ਯੂ ਐਸ ਏ, ਦੇ ਗੁਪਤਚਰ ਵਿਭਾਗ ਦੀ ਦੇਣ ਹੈ। ਉਨ੍ਹਾ ਨੇ ਹੀ ਇਹ ਡਰਾਮਾ ਚਾਲੂ ਕੀਤਾ ਹੈ ਤਾਂ ਜੋ ਉਨ੍ਹਾ ਦੀਆ ਫੌਜੀ ਸਰਗਰਮੀਆ ਦੀ ਭਿਣਕ ਕਿਸੇ ਨੂੰ ਨਾ ਲਗੇ ਕਿ ਉਹ ਕੀ ਕੁਝ ਕਰ ਰਹੇ ਹਨ। ਹੋ ਸਕਦੈ ਯੂਐਫ ਓ ਨਾਮਕ ਜਹਾਜ਼ ਉਨ੍ਹਾ ਦੀ ਹੀ ਕਿਰਤ ਹੋਣ ਜੋ ਦੁਨੀਆ ਭਰ ਦੇ ਮੁਲਕਾਂ ਦੀ ਗੁਪਤ ਜਸੂਸੀ ਕਰਦੇ ਹੋਣ। ਏਲੀਅਨਜ਼ ਅਤੇ ਯੂਐਫ ਓ ਦੀ ਮਨਘੜਤ ਡਰਾਮੇਬਾਜੀ ਨਾਲ ਲੋਕਾਂ ਨੂੰ ਮੂਰਖ ਬਣਾ ਰਹੇ ਹੋਣ। ਪਰ ਦੂਸਰੇ ਪਾਸੇ ਇਹ ਘਟਨਾਵਾਂ ਬਹੁਤ ਪੁਰਾਣੀਆ ਵੀ ਦਸੀਆ ਜਾਂਦੀਆ ਹਨ। 15ਵੀ ਅਤੇ 16ਵੀ ਸਦੀ ਵਿਚ ਵੀ ਉਡਣ ਤਸ਼ਤਰੀਆ ਬਾਰੇ ਜ਼ਿਕਰ ਮਿਲਦੇ ਹਨ। ਸੰਸਾਰ ਵਿਚ ਬਹੁਤ ਕੁਝ ਐਸਾ ਹੈ ਜੋ ਸਾਇੰਸ ਦੀ ਕਸਵਟੀ ਉਪਰ ਹਾਲਾ ਤਕ ਪ੍ਰਖਿਆ ਨਹੀਂ ਜਾ ਸਕਿਆ। ਇਨ੍ਹਾ ਨੂੰ ਰਹੱਸ ਜਾਂ ਮਿਸਟਰੀ ਕਿਹਾ ਜਾਂਦਾ ਹੈ। ਸਰਕਾਰਾਂ ਉਨ੍ਹਾ ਗਲਾਂ ਉਪਰ ਹੀ ਵਿਚਾਰ ਕਰਦੀਆ ਜਨ ਜੋ ਕਿਸੇ ਕਨੂੰਨ ਦੇ ਦਾਇਰੇ ਵਿਚ ਆਉਦੀਆਂ ਹੋਣ। ਭੂਤ ਚੁੜੇਲਾਂ ਬਾਰੇ ਐਨੀਆ ਕਹਾਣੀਆ ਪ੍ਰਚਲਤ ਹਨ ਕਿ ਪੁਛੋ ਨਾ ਪਰ ਇਨ੍ਹਾ ਹਾਦਸਿਆ ਦੀ ਤਫਤੀਸ਼ ਪੋਲੀਸ ਨਹੀਂ ਕਰਦੀ ਕਿਓ ਕਿ ਪੁਲੀਸ ਇਨ੍ਹਾ ਉਪਰ ਵਿਸ਼ਵਾਸ ਨਹੀਂ ਕਰਦੀ। ਪੁਨਰ ਜਨਮ ਦੀ ਗਲ ਦੇ ਅਨੇਕਾ ਸਬੂਤ ਮਿਲ ਚੁਕੇ ਹਨ ਪਰ ਇਨ੍ਹਾ ਦੇ ਅਧਾਰ ਉਪਰ ਕਿਸੇ ਉਪਰ ਕਨੂੰਨੀ ਕਾਰਵਾਈ ਨਹੀਂ ਹੋ ਸਕਦੀ। ਮੁਲਕਾਂ ਦੇ ਕਨੂੰਨ ਅਤੇ ਪ੍ਰਚਲਤ ਸਾਇੰਸ ਪੁਨਰਜਨਮ ਨੂੰ ਨਹੀਂ ਮੰਨਦੇ। ਸਮਾਜਕ ਲੋਕ ਜੋ ਹਿੰਦੂ, ਸਿੱਖ, ਈਸਾਈ ਅਤੇ ਮੁਸਲਿਮ ਧਰਮ ਤੋਂ ਇਲਾਵਾ ਕਈ ਹੋਰ ਧਰਮ ਹਨ ਜੋ ਪੁਨਰਜਨਮ ਅਤੇ ਆਤਮਾ ਵਿਚ ਪੂਰਾ ਯਕੀਨ ਕਰਦੇ ਹਨ। ਯੂ ਐਫ ਓ ਦੀ ਤਰ੍ਹਾਂ ਯੂ ਟਿਊਬ ਉਪਰ ਸੈਂਕੜੇ ਕਲਿਪਸ ਹਨ ਜੋ ਪੁਨਰ ਜਨਮ ਨੂੰ ਦਰਿੜ ਕਰਦੇ ਹਨ।

ਅਜ ਦਾ ਸਮਾ ਐਸੇ ਦੌਰ ਵਿਚੋਂ ਗੁਜ਼ਰ ਰਿਹਾ ਹੈ ਜੋ ਪਹਿਲਾਂ ਤੋਂ ਬਹੁਤ ਅਲੱਗ ਹੈ। ਸਾਇੰਸ ਨੇ ਬਹੁਤ ਕੁਝ ਬਾਰੇ ਪੁਰਾਣੇ ਵਹਿਮ ਖਤਮ ਕੀਤੇ ਹਨ। ਪਹਿਲੋਂ ਧਰਤੀ ਨੂੰ ਕਾਇਨਾਤ ਦਾ ਸੈਂਟਰ ਕਿਹਾ ਜਾਂਦਾ ਸੀ। ਸੂਰਜ ਚੰਦ ਵਗੈਰਾ ਧਰਤੀ ਦੁਆਲੇ ਪ੍ਰਕਰਮਾ ਕਰਦੇ ਦਸੇ ਜਾਂਦੇ ਸਨ। ਧਰਤੀ ਸਮਤਲ ਹੈ, ਵਰਗੇ ਵਹਿਮ ਪ੍ਰਚਲਤ ਸਨ। ਅਜੋਕੀ ਸਾਇੰਸ ਨੇ ਸਾਬਤ ਕਰ ਦਿਤਾ ਹੈ ਕਿ ਉਹ ਸਭ ਵਹਿਮ ਸਨ। ਸੂਰਜ ਦੇ 9 ਗਰਿਹਾ ਬਾਰੇ ਬਹੁਤ ਕੁਝ ਪਤਾ ਲਗ ਚੁਕਾ ਹੈ। ਅਸਮਾਨੀ ਦਿਖਦੀਆ ਧਰਤੀਆ ਸਭ ਗੋਲ ਹਨ ਅਤੇ ਇਕ ਦੂਸਰੇ ਦੇ ਦੁਆਲੇ ਘੁੰਮ ਰਹੀਆਂ ਹੰਨ। ਹਾਲਾ ਵੀ ਬਹੁਤ ਕੁਝ ਐਸਾ ਹੈ ਜਿਸਨੂੰ ਸਾਇੰਸ ਹੱਥ ਨਹੀਂ ਪਾ ਸਕੀ ਜਾਂ ਨਹੀਂ ਪਾ ਰਹੀ। ਹਾਂ ਪੱਖੀ ਗਲ ਇਹ ਹੈ ਕਿ ਯੂ ਐਫ ਓ ਬਾਰੇ ਸਰਕਾਰੀ ਤੌਰ ਉਪਰ ਵੀ ਖੋਜਾਂ ਹੋ ਰਹੀਆ ਹਨ। ਜਿਸ ਕਾਹਲ ਨਾਲ ਸਪੇਸ ਸਾਇੰਸ ਅਗੇ ਵਧ ਰਹੀ ਹੈ ਅਤੇ ਅਜੀਬੋ ਗ੍ਰੀਬ ਖੋਜਾਂ ਸਾਹਮਣੇ ਆ ਰਹੀਆਂ ਹਨ ਕੋਈ ਅਲੋਕਾਰੀ ਨਹੀਂ ਹੋਵੇਗੀ ਕਿ ਇਕ ਦਿਨ ਇਹ ਖਬਰ ਵੀ ਆ ਜਾਵੇ ਕਿ ਸੂਰਜ ਮੰਡਲ ਦੇ ਗ੍ਰਹਿਾਂ ਵਿਚ ਬਹੁਤਿਆ ਉਪਰ ਜੀਵਨ ਹੈ ਅਤੇ ਕਥਤ ਯੂਐਫ ਓ ਸਚਮੁਚ ਸਾਡੇ ਗਵਾਢੀਆਂ ਵਲੋਂ ਸਾਡੇ ਤਕ ਪਹੁੰਚਣ ਦੀ ਕੋਸ਼ਿਸ਼ ਦਾ ਹਿਸਾ ਹਨ।

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com



Looking For a Nest..? Call the Best




CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK



FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'

3+1 bdrms with finished Basement




Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਕੈਨੇਡਾ ਆਉਣਾ ਲਈ ਵਿਆਹ ਸ਼ਾਦੀ ਦਾ ਕਾਰੋਬਾਰ ਹੱਦਾਂ ਟੱਪ ਚੁਕਿਆ ਹੈ



By: Surjit Singh Flora

ਪਰਵਾਸ ਕਰਨ ਦੀ ਇੱਛਾ ਭਾਰਤ ਵਿਚਲੇ ਪੰਜਾਬੀ ਭਾਈਚਾਰੇ ਵਿਚ ਇੰਨੀ ਵਧ ਗਈ ਹੈ ਕਿ ਲੋਕ ਆਪਣਾ ਦੇਸ਼ ਛੱਡ ਕੇ ਦੂਸਰੇ ਵਿਦੇਸ਼ੀ ਮੁਲਕਾਂ ਤਕ ਪਹੁੰਚਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ- ਇੱਥੋਂ ਤਕ ਕਿ ਮਨੁੱਖੀ ਤਸਕਰਾਂ ਦੀ ਵਰਤੋਂ ਕਰਨ, ਜਾਂ ਜਾਣ-ਬੁੱਝ ਕੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕਰਨ ਵਰਗੇ ਪਚੀਦਾ ਤਰੀਕੇ ਅਪਣਾ ਰਹੇ ਹਨ।

ਇਮੀਗ੍ਰੇਸ਼ਨ ਧੋਖਾਧੜੀ ਬਹੁਤ ਜ਼ਿਆਦਾ ਵੱਧ ਚੁੱਕੀ ਹੈ। ਅੱਧੇ ਤੋਂ ਵੱਧ ਕਨੇਡਾ ਦਾ ਇਮੀਗ੍ਰੇਸ਼ਨ ਕਿਸੇ ਨਾ ਕਿਸੇ ਧੋਖਾਧੜੀ ਵਿੱਚ ਸ਼ਾਮਲ ਹੈ। ਇਮੀਗ੍ਰੇਸ਼ਨ ਇੱਕ ਬਹੁਤ ਵੱਡਾ ਕਾਰੋਬਾਰ ਬਣ ਚੁੱਕਾ ਹੈ, ਅਤੇ ਇਸ ਕਾਰੋਬਾਰ ਦਾ ਇੱਕ ਵੱਡਾ ਹਿੱਸਾ ਇੱਕ ਬਹੁਤ ਵੱਡਾ ਧੋਖਾ ਹੈ। ਬਹੁਤ ਸਾਰੇ ਲੋਕਾਂ ਨੂੰ ਰਾਤੋ ਰਾਤ ਅਮੀਰ ਬਣਾਉਂਦਾ ਹੈ।

ਪਿਛਲੇ ਕੁਝ ਸਾਲਾਂ ਤੋਂ, 'ਕੰਟਰੈਕਟ ਮੈਰਿਜ' ਕੈਨੇਡੀਅਨ ਇਮੀਗ੍ਰੇਸ਼ਨ ਪ੍ਰਾਪਤ ਕਰਨ ਦਾ ਇੱਕ ਮੁੱਖ ਸਾਧਨ ਬਣ ਗਿਆ ਹੈ।'ਕੰਟਰੈਕਟ ਮੈਰਿਜ' ਇਸ ਹੱਦ ਤਕ ਵੱਧ ਗਈ ਹੈ ਕਿ ਇਹ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਪ੍ਰਾਪਤ ਕਰਨ ਇਕ ਅਨਿੱਖੜਵਾਂ ਅੰਗ ਬਣ ਗਿਆ ਹੈ। ਆਈਲੈਟਸ, ਬੈਂਡ, ਜਾਅਲੀ ਕਾਲਜ, ਦਾਖਲੇ ਏਜੰਟਾਂ ਲਈ ਭਾਰੀ ਕਮਿਸ਼ਨ, ਪੀ ਐਨ ਪੀ, ਐਲ.ਐੱਮ.ਆਈ. ਦੀ ਖਰੀਦ-ਵੇਚ ਸਭ ਕੁਝ ਸਰਕਾਰ ਦੀਆਂ ਨਜ਼ਰਾਂ ਅੱਗੇ ਹੋ ਰਿਹਾ ਹੈ। ਪਰ ਸਰਕਾਰ ਟਸ ਤੋਂ ਮਸ ਨਹੀਂ ਹੋ ਰਹੀ ਉਹ ਅੱਖਾ ਬੰਦ ਕਰਕੇ ਕੈਨੇਡਾ ਸਰਕਾਰ ਦੇ ਬੈਂਕ ਖਾਤੇ ਭਰੀ ਜਾ ਰਹੀ ਹੈ।

ਪਿਛਲੇ ਦਿਨੀਂ ਲਵਪ੍ਰੀਤ ਸਿੰਘ ਦੀ ਮੌਤ ਨੂੰ ਲੈ ਕੇ ਕਾਫ਼ੀ ਗੱਲਾਂ ਹੋਈਆਂ ਹਨ। ਪ੍ਰੈਸ ਰਿਪੋਰਟਾਂ ਅਨੁਸਾਰ ਲਵਪ੍ਰੀਤ ਨੇ ਪੰਜਾਬ ਵਿੱਚ ਖੁਦਕੁਸ਼ੀ ਕੀਤੀ ਕਿਉਂਕਿ ਉਸਦੀ ਪਤਨੀ ਬੇਅੰਤ ਕੌਰ, ਜੋ ਕਿ ਇੱਕ ਵਿਦੇਸ਼ੀ ਵਿਦਿਆਰਥਣ ਵਜੋਂ ਕਨੈਡਾ ਆਈ ਸੀ, ਨੇ ਉਸ ਤੋਂ ਮੂੰਹ ਮੋੜ ਲਿਆ ਸੀ। ਇਸ ਕੇਸ ਵਿੱਚ, ਹੋਰ ਬਹੁਤ ਸਾਰੇ ਮਾਮਲਿਆਂ ਵਿੱਚ, ਮੁੰਡਿਆਂ ਨੇ ਲੜਕੀਆਂ ਨੂੰ ਕੈਨੇਡਾ ਭੇਜਣ ਲਈ ਬਹੁਤ ਸਾਰਾ ਪੈਸਾ ਖਰਚ ਕੀਤਾ ਸੀ ਇਸ ਉਮੀਦ ਵਿੱਚ ਕਿ ਉਨ੍ਹਾਂ ਦਾ ਲੜਕਾ ਆਈਲੈਟਸ ਵਾਲੀ ਲੜਕੀ ਦੀ ਸਹਾਇਤਾ ਨਾਲ ਕੈਨੇਡਾ ਪਹੁੰਚ ਜਾਵੇਗਾ, ਪਰ ਇਹ ਉਮੀਦ ਪੂਰੀ ਨਹੀਂ ਹੋਈ ਕਿਉਂਕਿ ਲੜਕੀ ਨੇ ਕੈਨੇਡਾ ਵਾਪਿਸ ਜਾ ਕੇ ਉਸ ਤੋਂ ਮੂੰਹ ਮੋੜ ਲਿਆ ਸੀ ਤੇ ਪੈਸਾ ਹਾਜ਼ਿਮ ਕਰ ਲਿਆ ਸੀ।

ਬਹੁਤ ਸਾਰੇ 'ਇਕਰਾਰਨਾਮੇ ਦੇ ਵਿਆਹ' ਅਸਲ ਹੁੰਦੇ ਹਨ, ਅਤੇ ਬਹੁਤ ਸਾਰੇ ਜਾਅਲੀ ਹੁੰਦੇ ਹਨ, ਪਰ ਉਨ੍ਹਾਂ ਵਿੱਚ 'ਵੱਡੀ ਰਕਮ ਅਦਾ ਕਰਨਾ' ਸ਼ਾਮਲ ਹੁੰਦਾ ਹੈ। ਇਹ ਕਿਹਾ ਜਾਂਦਾ ਹੈ ਕਿ ਪੰਜਾਬ ਵਿਚ ਬਹੁਤ ਸਾਰੇ ਲੜਕੇ ਬੇਕਾਰ ਅਤੇ ਅਯੋਗ ਹਨ ਜੋ ਆਈਲੈਟਸ ਪਾਸ ਨਹੀਂ ਕਰ ਸਕਦੇ ਜਿਸ ਕਾਰਨ ਉਨ੍ਹਾਂ ਨੂੰ ਵਿਦੇਸ਼ੀ ਵਿਦਿਆਰਥੀਆਂ ਦਾ ਵੀਜ਼ਾ ਨਹੀਂ ਮਿਲਦਾ, ਪਰ ਜ਼ਿਆਦਾਤਰ ਲੜਕੀਆਂ ਆਈਲੈਟਸ ਅਸਾਨੀ ਨਾਲ ਪਾਸ ਕਰ ਲੈਂਦੀਆਂ ਹਨ। ਇਹ ਇਕ 'ਇਕਰ-ਾਰਨਾਮੇ ਵਿਆਹ' ਦੀ ਸ਼ੁਰੂਆਤ ਹੈ।

ਪਤਾ ਲੱਗਿਆ ਹੈ ਕਿ ਜਦੋਂ ਮਹਿਲਾ ਕਮਿਸ਼ਨ ਪੰਜਾਬ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਲਵਪ੍ਰੀਤ ਦੇ ਪਰਿਵਾਰ ਨੂੰ ਮਿਲਣ ਗਈ ਸੀ, ਤਾਂ ਲਗਭਗ 42 ਮੁੰਡਿਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਮਨੀਸ਼ਾ ਗੁਲਾਟੀ ਨੂੰ ਮਿਲਣ ਗਏ ਸਨ, ਜਿਨ੍ਹਾਂ ਨੂੰ ਕੈਨੇਡਾ ਵਿਚ ਰਹਿ ਰਹੀ 'ਠੇਕਾ ਵਿਆਹ' ਦੀਆਂ ਪਤਨੀਆਂ ਦੁਆਰਾ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ ਦੇ ਕੇਸ ਸਾਹਮਣੇ ਆਏ ਹਨ।

ਪਰ ਹਾਲ ਹੀ ਦੇ ਸਾਲਾਂ ਵਿੱਚ, ਇੱਕ ਨਵਾਂ ਰੁਝਾਨ ਉਭਰ ਰਿਹਾ ਹੈ। ਇਹ ਬਹੁਤ ਸੌਖਾ ਹੈ: ਜੇ ਕੋਈ ਵਿਅਕਤੀ ਆਪਣੇ ਆਪ ਜਾਂ ਅੰਤਰਰਾਸ਼ਟਰੀ ਵਿਦਿਆਰਥੀ ਵਜੋਂ ਕੈਨੇਡਾ ਨਹੀਂ ਜਾ ਸਕਦਾ, ਤਾਂ ਉਹ ਅੰਤਰਰਾਸ਼ਟਰੀ ਵਿਦਿਆਰਥੀ ਦੇ ਖਰਚੇ ਤੇ ਕੈਨੇਡਾ ਜਾ ਹਨ।

ਹੁਣ ਜਦ ਲਵਪ੍ਰੀਤ ਅਤੇ ਬੇਅੰਤ ਕੌਰ ਦੇ ਕੇਸ ਦੀ ਚਰਚਾ ਦੇਸੀ ਮੀਡੀਆ ਵਿੱਚ ਚੱਲ ਰਹੀ ਹੈ ਤਾਂ ਕਈ ਕਿਸਮ ਦੇ ਵਿਚਾਰ ਸੁਨਣ ਨੂੰ ਮਿਲ ਰਹੇ ਹਨ। ਕੁਝ ਲੋਕ ਆਖਦੇ ਹਨ ਕਿ ਇਮੀਗਰੇਸ਼ਨ ਫਰਾਡ ਤਾਂ ਸਦਾ ਹੀ ਹੁੰਦਾ ਰਿਹਾ ਹੈ ਇਸ ਲਈ ਚੁੱਪ ਰਹੋ। ਇਸ ਨਾਲ ਆਪਣਾ ਢਿੱਡ ਨੰਗਾ ਹੁੰਦਾ ਹੈ, ਜਿੰਨੇ ਹੋਰ ਲੋਕ ਕੈਨੇਡਾ ਸੈੱਟ ਹੋ ਸਕਦੇ ਹਨ ਹੋਣ ਦਿਓ ਤੁਹਾਡਾ ਕੀ ਜਾਂਦਾ ਹੈ? ਸਰਕਾਰ ਨੂੰ ਫਰਾਡ ਬਾਰੇ ਕੋਈ ਸਵਾਲ ਨਾ ਕਰੋ ਇਸ ਨਾਲ ਕਈਆਂ ਦਾ ਨੁਕਸਾਨ ਹੋ ਸਕਦਾ ਹੈ। ਪਹਿਲਾਂ ਵੀ ਲੋਕ ਜਾਅਲੀ ਵਿਆਹ ਕਰਵਾ ਕੇ ਪੱਕੇ ਹੁੰਦੇ ਰਹੇ ਹਨ ਅਤੇ ਅਗਰ ਅੱਜ 'ਕੰਟਰੈਕਟ ਮੈਰਿਜ' ਹੈ ਤਾਂ ਕੀ ਬੁਰਾ ਹੋ ਗਿਆ ਹੈ?

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਮੀਗਰੇਸ਼ਨ ਫਰਾਡ ਸਦਾ ਹੁੰਦਾ ਰਿਹਾ ਹੈ ਪਰ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸ ਦੀ ਸਕੇਲ ਬਹੁਤ ਸੀਮਤ ਹੁੰਦੀ ਸੀ। ਅੱਜ ਇਹ ਸੱਭ ਹੱਦਾਂ ਬੰਨੇ ਟੱਪ ਗਿਆ ਹੈ ਅਤੇ ਅਜੇ ਵੀ ਕੌੜੀ ਵੇਲ ਵਾਂਗ ਵਧ ਰਿਹਾ ਹੈ। ਹੁਣ ਅਜੇਹੇ ਕੇਸ ਲੱਖਾਂ ਦੀ ਗਿਣਤੀ ਵਿੱਚ ਹਨ। ਕਈ ਟੱਬਰ ਲੁੱਟੇ ਜਾ ਰਹੇ ਹਨ, ਕਈ ਨੌਜਵਾਨ ਖੁਦਕਸ਼ੀਆਂ ਕਰ ਰਹੇ ਹਨ ਅਤੇ ਹੋਰ ਕਈ ਕਿਸਮ ਦੀਆਂ ਬੁਰਾਈਆਂ ਵਧ ਰਹੀਆਂ ਹਨ।ਜਦੋਂ ਕਿ ਲਵਪ੍ਰੀਤ ਸਿੰਘ ਅਤੇ ਬੇਅੰਤ ਕੌਰ ਕੇਸ ਸੁਰਖੀਆਂ ਬਣ ਰਿਹਾ ਹੈ, ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਆਪਣੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਨਹੀਂ ਬਦਲੇਗੀ।

"ਐਨਆਰਆਈ ਨਾਲ ਧੋਖਾਧੜੀ ਨਾਲ ਵਿਆਹ ਕਰਾਉਣ ਦੀਆਂ ਕਈ ਸ਼ਿਕਾਇਤਾਂ ਆਈਆਂ ਹਨ। ਕੁਝ ਲੋਕ ਭਾਰਤ ਵਿਚ ਵਿਆਹ ਦੇ ਬੰਧਨ ਦਾ ਪ੍ਰਬੰਧ ਕਰਨ ਅਤੇ ਉਨ੍ਹਾਂ ਨੂੰ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਨ ਵਿਚ ਮਦਦ ਕਰਨ ਲਈ ਬਹੁਤ ਸਾਰਾ ਪੈਸਾ ਬਣਾ ਰਹੇ ਹਨ। ਹਾਲ ਹੀ ਵਿੱਚ ਪੰਜਾਬ ਵਿੱਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਸੀ ਜਿੱਥੇ ਇੱਕ ਲੜਕੇ ਨੇ ਖੁਦਕੁਸ਼ੀ ਕੀਤੀ ਅਤੇ ਲੜਕੀ ਟੋਰਾਂਟੋ ਵਿੱਚ ਹੈ।

ਇਸ ਤੋਂ ਇਲਾਵਾ, ਇਕ ਹੋਰ ਪੁਰਾਣਾ ਰੁਝਾਨ ਅਜੇ ਵੀ ਜਿੰਦਾ ਹੈ, ਇਹ ਮੇਰੇ ਲਈ ਇਕ ਵੱਡਾ ਹੈਰਾਨੀ ਭਰਭੂਰ ਸੱਚ ਸੀ। ਮੈਂ ਆਪਣੀ ਬਰੈਂਪਟਨ ਸਟ੍ਰੀਟ ਤੇ ਆਪਣੀ 7 ਸਾਲਾਂ ਦੀ ਬੇਟੀ ਨੂੰ ਲੈਣ ਲਈ ਸਕੂਲ ਬੱਸ ਦੀ ਉਡੀਕ ਕਰ ਰਿਹਾ ਸੀ, ਜਦੋਂ ਮੁਟਿਆਰਾਂ ਦਾ ਇੱਕ ਸਮੂਹ ਅੱਗੇ ਲੰਘਿਆ।

"ਓਹ, ਕੈਨੇਡਾ ਆਉਣਾ ਤੇ ਇਥੋਂ ਦੇ ਖਰਚੇ, ਪੜ੍ਹਾਈ ਬਹੁਤ ਮਹਿੰਗੀ ਹੈ," ਇੱਕ ਨੇ ਕਿਹਾ। ਇਕ ਹੋਰ ਲੜਕੀ ਨੇ ਕਿਹਾ, "ਹੋ ਸਕਦਾ ਤੁਹਾਡੇ ਲਈ, ਪਰ ਮੈਂ ਇਕ ਪੈਸਾ ਵੀ ਨਹੀਂ ਦੇ ਰਹੀ!" ਦੂਸਰੀਆਂ ਕੁੜੀਆਂ ਹੈਰਾਨ ਸਨ। "ਇਹ ਕਿਵੇਂ ਹੋ ਸਕਦਾ ਹੈ?" ਪਹਿਲੀ ਕੁੜੀ ਨੂੰ ਪੁੱਛਿਆ!

ਜਿਵੇਂ ਕਿ ਲੜਕੀ ਨੇ ਦੱਸਿਆ, ਭਾਰਤ ਵਿਚ ਇਕ ਪਰਿਵਾਰ ਸੀ ਜਿਹਨਾਂ ਦਾ ਬੇਟਾ ਹਰ ਅੱਡੀ ਚੋਟੀ ਦਾ ਜ਼ੋਰ ਕੈਨੇਡਾ ਜਾਣ ਲਈ ਲਗਾ ਰਿਹਾ ਸੀ ਪਰ ਦਾਲ ਨਹੀਂ ਸੀ ਗਲ ਰਹੀ।ਪਰ ਮੈਂ ਆਈਲੈਟ ਪਾਸ ਕਰਕੇ ਵੀਜਾ ਪ੍ਰਾਪਤ ਕਰ ਚੁਕੀ ਸੀ।

"ਸੋ ਅਸੀਂ ਸੌਦਾ ਕਰ ਲਿਆ," ਉਸਨੇ ਦੱਸਿਆ। "ਉਹ ਮੇਰੇ ਸਾਰੇ ਖਰਚੇ, ਏਅਰ ਲਾਈਨ ਦੇ ਕਿਰਾਏ ਤੋਂ ਲੈ ਕੇ ਕਾਲਜ ਦੀਆਂ ਫੀਸਾਂ, ਕਿਤਾਬਾਂ... ਬਿਲਕੁਲ ਮੇਰੇ ਬੋਰਡਿੰਗ ਅਤੇ ਠਹਿਰਨ ਤੱਕ, ਅਤੇ ਕੈਨੇਡਾ ਵਿੱਚ ਮੇਰੇ ਰਹਿਣ-ਸਹਿਣ ਦੇ ਸਾਰੇ ਖਰਚੇ ਅਦਾ ਕਰਦੇ ਹਨ। ਬਦਲੇ ਵਿਚ, ਅਸੀਂ ਇਹ ਸਾਬਤ ਕਰ ਕੇ ਮੁੰਡੇ ਨੂੰ ਕਨੈਡਾ ਵਿਚ ਲੈ ਆਵਾਂਗੇ ਕਿ ਅਸੀਂ ਵਿਆਹ ਕਰਵਾ ਚੁੱਕੇ ਹਾਂ।

ਕੈਨੇਡੀਅਨ ਕਾਨੂੰਨ ਦੇ ਅਨੁਸਾਰ, ਜੇ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਸ਼ਾਦੀਸ਼ੁਦਾ ਹੈ, ਤਾਂ ਉਹ ਆਪਣੇ ਪਤੀ / ਪਤਨੀ ਨੂੰ ਲਿਆ ਸਕਦੇ ਹਨ ਅਤੇ ਪਤੀ / ਪਤਨੀ ਵਿਦਿਆਰਥੀ ਦੇ ਅਧਿਐਨ ਦੇ ਸਮੇਂ ਦੀ ਮਿਆਦ ਦੇ ਲਈ ਵਰਕ ਪਰਮਿਟ ਪ੍ਰਾਪਤ ਕਰ ਸਕਦੇ ਹਨ।

ਮੰਨ ਲਓ ਕਿ ਮੰਗੇਤਰ ਦੀ ਉਮਰ ਉਨ੍ਹਾਂ ਦੇ ਪਹੁੰਚਣ ਵੇਲੇ ਲਗਭਗ 18 ਤੋਂ 22 ਸਾਲ ਹੈ, ਅਗਲੇ ਚਾਰ ਜਾਂ ਪੰਜ ਸਾਲਾਂ ਵਿੱਚ ਉਹ ਸਥਾਈ ਨਿਵਾਸੀ ਬਣ ਜਾਂਦੇ ਹਨ। ਉਸ ਤੋਂ ਬਾਅਦ 23-26 ਸਾਲਾਂ ਦੀ ਉਮਰ ਵਿੱਚ, ਉਨ੍ਹਾਂ ਦਾ ਤਲਾਕ ਹੋ ਜਾਂਦਾ ਹੈ। ਤਦ ਉਹ ਆਪਣੇ ਅਸਲ ਜੀਵਨ ਸਾਥੀ ਲੱਭ ਲੈਂਦੇ ਹਨ ਅਤੇ ਆਪਣੀ ਜ਼ਿੰਦਗੀ ਕੈਨੇਡਾ ਵਿੱਚ ਸੈਟਲ ਕਰ ਲੈਂਦੇ ਹਨ। ਦੋਵੇਂ ਧਿਰਾਂ ਦਾ ਕੰਮ ਹੋ ਜਾਂਦੇ ਹਨ ਤੇ ਆਪੋ ਆਪਣੇ ਰਾਹ ਪੈ ਜਾਂਦੇ ਹਨ।

ਇਸ ਵਾਰੇ ਸਾਬਿਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਸਮੇਂ ਜੇਸਨ ਕੈਨੀ ਜਦ ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਦੇ ਮਨਿਸਟਰ ਬਣੇ ਤਾਂ ਕੁਝ ਕੇਸ ਸਾਹਮਣੇ ਆਏ ਸਨ, ਜਿਹਨਾਂ ਤੇ ਲਗਾਮ ਕੱਸਣ ਲਈ ਕੈਨੀ ਵਲੋਂ ਹਰ ਉਪਰਾਲਾਂ ਕੀਤਾ ਗਿਆ ਸੀ। ਪਰ ਟਰੂਡੋ ਵਲੋਂ ਜਿਸ ਤਰ੍ਹਾਂ ਵਿਦਿਆਰਥੀਆਂ ਅਤੇ ਵਿਆਹ ਸ਼ਾਦੀ ਵਾਰੇ ਇੰਮੀਗਰੇਸ਼ਨ ਕਾਨੂੰਨ ਅਤੇ ਉਹਨਾਂ ਨੂੰ ਵੀਜੇ ਦਿੱਤੇ ਜਾਂਦੇ ਹਨ,ਜਿਸ ਤਹਿਤ ਇਹ ਸਾਰੇ ਗਲਤ ਧੰਦੇ ਲੋਕ ਅਪਣਾ ਕੇ ਪੈਸਾ ਬਣਾ ਰਹੇ ਹਨ ਤੇ ਭਲੇ ਲੋਕਾ ਨੂੰ ਠੱਗ ਰਹੇ ਹਨ, ਲੋਕਾ ਲਈ ਸਿਰਦਰਦੀ ਬਣਦਾ ਜਾ ਰਿਹਾ ਹੈ। ਟਰੂਡੋ ਸਰਕਾਰ ਨੂੰ ਇਕ ਵਾਰ ਫਿਰ ਜੇਸਨ ਕੈਨੀ ਦੀ ਤਰ੍ਹਾਂ ਇਹਨਾਂ ਧੁਖੇਦਰੀ , ਹੇਰਾ ਫੇਰੀ , ਦੇ ਮਾਮਲਿਆਂ ਨੂੰ ਨਜਿਠਣ ਲਈ ਕੁਝ ਕਰ ਗੁਜਰਣ ਦੀ ਲੋੜ ਬਹੁਤ ਜਲਦ ਹੈ।

ਨਹੀਂ ਤਾਂ ਅਸੀਂ ਹਰ ਰੋਜ਼ ਦੇਖਦੇ ਹੀ ਹਾਂ ਇਹ ਲੋਕ ਇਥੇ ਆ ਕੇ ਡਰੱਗ, ਦੇ ਧੰਦੇ, ਹਰ ਤਰ੍ਹਾਂ ਦੀਆਂ ਹੇਰਾਂ ਫੇਰੀਆਂ, ਲੁਟਾਂ ਖੁਹਾਂ, ਕਤਲੇਆਮ , ਚੋਰੀ ਵਰਗੇ ਜੁਰਮ ਵਧ ਰਹੇ ਹਨ, ਕੈਨੇਡਾ ਉਹ ਰਹਿ ਹੀ ਨਹੀਂ ਗਿਆ ਜੋ ਕੈਨੇਡਾ ਅੱਜ ਤੋਂ 32 ਸਾਲ ਪਹਿਲਾਂ ਜਿਸ ਦੀ ਮਿੱਟੀ ਤੇ ਮੈਂ ਪੈਰ ਰੱਖੇ ਸਨ।

## ਮੈਂ ਇੱਕ ਸ਼ਹੀਦ ਦੀ ਧੀ ਬੋਲਦੀ ਹਾਂ...



ਗੁਰਜੀਤ ਕੌਰ

ਮੈਂ ਕਈ ਵਾਰ ਅਖਵਾਰਾਂ/ਕਿਤਾਬਾਂ ਵਿੱਚ ਪੜਿਆ ਹੈ ਕਿ " ਸਹੀਦੋਂ ਕੀ ਚਿਤਾਓ ਪੇ ਲਗੇਂਗੇ ਹਰ ਬਰਸ ਮੇਲੇ,ਵਤਨ ਪੇ ਮਿਟਨੇ ਵਾਲੋਂ ਕਾ ਯਹੀਂ ਅੰਤਿਮ ਨਿਸ਼ਾ ਹੋਗਾ"।ਪਰ ਕੀ ਸੱਚਮੁੱਚ ਹੀ ਇਸ ਦੇਸ਼ ਵਿੱਚ ਸਹੀਦਾਂ ਦੀ ਕਦਰ ਕੀਤੀ ਜਾਂਦੀ ਹੈ? ਜਦ ਕੋਈ ਵੀ ਫੋਜ਼ੀ ਇਸ ਦੇਸ਼ ਦੀ ਰੱਖਿਆ ਲਈ ਆਪਣੀ ਜਾਨ ਵਾਰ ਜਾਂਦਾ ਹੈ ਤਾਂ ਬਦਲੇ ਵਿੱਚ ਇਹ ਦੇਸ਼ ਉਸ ਫੋਜ਼ੀ ਦੇ ਪਰਿਵਾਰ ਲਈ ਕੀ ਕਰਦਾ ਹੈ ਅਤੇ ਉਸਦੇ ਪਰਿਵਾਰ ਨੂੰ ਕੀ ਕੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾਂ ਹੈ।

ਆਉ ਅੱਜ ਮੈਂ ਤੁਹਾਨੂੰ ਆਪਣੀ ਕਹਾਣੀ ਸੁਣਾਉਦੀ ਹਾਂ। ਮੇਰਾ ਨਾਮ ਗੁਰਜੀਤ ਕੌਰ ਹੈ। ਮੈਂ ਪੰਜਾਬ ਦੇ ਜਿਲਾ ਫਤਿਹਗੜ ਸਾਹਿਬ ਦੇ ਨਿੱਕੇ ਜਿਹੇ ਪਿੰਡ ਨੰਡਿਆਲੀ ਨਾਲ ਸਬੰਧ ਰੱਖਦੀ ਹਾਂ।ਮੇਰਾ ਪਿਤਾ ਸ. ਪਰਮਜੀਤ ਸਿੰਘ ਇੰਡੀਅਨ ਆਰਮੀ ਦੇ ਬਹਾਦਰ ਸਿਪਾਈ ਸਨ ਤੇ ਮੈਂ ਉਹਨਾਂ ਦੀ ਇਕਲੋਤੀ ਸੰਤਾਨ ਹਾਂ। ਮੇਰੇ ਪਿਤਾ ਜੀ ਮਿਤੀ 24-03-1993 ਨੂੰ ਪੁੰਛ ਸੈਕਟਰ ਜੰਮੂ ਵਿੱਚ ਹੋਏ "ਅਪਰੇਸ਼ਨ ਰਕਸ਼ਕ" ਦੌਰਾਨ ਅੱਤਿਵਾਦੀਆਂ ਨਾਲ ਲੜਦੇ ਹੋਏ ਇਸ ਦੇਸ਼ ਲਈ ਸ਼ਹੀਦ ਹੋ ਗਏ ਸਨ, ਉਸ ਸਮੇਂ ਮੈ ਤਕਰੀਬਨ 4 ਮਹੀਨੀਆਂ ਦੀ ਨਿੱਕੀ ਬੱਚੀ ਸੀ। ਪਿਤਾ ਜੀ ਦੀ ਬਹਾਦਰੀ ਕਾਰਨ ਭਾਰਤੀ ਫੋਜ਼ ਵੱਲੋਂ ਉਹਨਾਂ ਨੂੰ ਮਰਨ ਉਪਰੰਤ ਬਲੀਦਾਨ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਸੀ।

ਮੇਰੇ ਪਿਤਾ ਜੀ ਦੀ ਮੌਤ ਤੋਂ ਬਾਅਦ ਮੈਨੂੰ ਮੇਰੀ ਮਾਂ ਨੇ ਅਨੇਕਾਂ ਆਰਥਿਕ ਮੁਸਕਿਲਾਂ ਦਾ ਸਾਹਮਣਾ ਕਰਦੇ ਹੋਏ ਹੋਏ ਪਾਲਿਆ ।ਮੇਰੇ ਪਿਤਾ ਜੀ ਦੀ ਮੌਤ ਤੋਂ ਬਾਅਦ ਸਾਡੇ ਪਰਿਵਾਰ ਤੇ ਬਹੁਤ ਮੁਸੀਬਤਾਂ ਆਈਆਂ ਪਰ ਅਸੀਂ ਹਰ ਮੁਸੀਬਤ ਦਾ ਸਾਹਮਣਾ ਕਰਦੇ ਰਹੇ।ਜਦੋਂ ਮੈਂ 19 ਸਾਲਾਂ ਦੀ ਹੋਈ ਤਾਂ ਮੇਰੀ ਮਾਤਾ ਘਰੈਲੂ ਪ੍ਰੇਸਾਨੀਆਂ ਸਹਿਣ ਨਾ ਕਰਦੇ ਹੋਏ ਮਿਤੀ 26-06-2011 ਨੂੰ ਦਿਲ ਦਾ ਦੌਰਾ ਪੈਣ ਕਾਰਨ ਸਵਰਗਵਾਸ ਹੋ ਗਏ।ਮਾਤਾ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਮੈਂ ਆਪਣੇ ਆਪ ਨੂੰ ਬਿਲਕੁੱਲ ਇਕੱਲੀ ਮਹਿਸੂਸ ਕੀਤਾ ,ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਇਕੱਲੀ ਇਹ ਜਿੰਦਗੀ ਕਿਵੇ ਬਤੀਤ ਕਰਾਂਗੀ।

ਉਸ ਟਾਇਮ ਮੇਰੇ ਦਿਲ ਵਿੱਚ ਇੱਕੋ ਇੱਕ ਉਮੀਦ ਬਚੀ ਸੀ ਕਿ ਮੇਰੇ ਪਿਤਾ ਜੀ ਨੇ ਦੇਸ਼ ਲਈ ਸ਼ਹੀਦੀ ਦਿੱਤੀ ਸੀ, ਸਰਕਾਰ ਮੈਨੂੰ ਤਰਸ ਦੀ ਅਧਾਰ ਤੇ ਨੌਕਰੀ ਜਰੂਰ ਦੇਵੇਗੀ, ਜੋ ਕਿ ਸਰਕਾਰ ਦਾ ਫਰਜ਼ ਵੀ ਬਣਦਾ ਸੀ।ਇਸੇ ਉਮੀਦ ਨਾਲ ਮੈਂ ਆਰਥਿਕ ਪ੍ਰੇਸਾਨੀਆਂ ਦਾ ਸਾਹਮਣਾ ਕਰਦੇ ਹੋਏ 80 % ਨੰਬਰ ਲੈ ਕੇ ਭ..ਛ.ਅ.ਪਾਸ ਕੀਤੀ । ਉਸ ਤੋਂ ਬਾਅਦ 72% ਨੰਬਰ ਲੈ ਕੇ ਂ.ਛ.ਅ. ਵੀ ਪਾਸ ਕਰ ਲਈ। ਇਸ ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਸਾਲ 2019 ਵਿੱਚ 79 % ਨੰਬਰ ਲੈ ਭ.ਓਦ. ਵੀ ਪਾਸ ਕਰ ਲਈ।ਪਰ ਇੰਨੀ ਪੜਾਈ ਕਰਨ ਦੇ ਬਾਵਜੂਦ ਮੈਂ ਅੱਜ ਵੀ ਬੇਰੁਜਗਾਰ ਹਾਂ।

ਮੈਂ ਆਪਣੇ ਪਿਤਾ ਜੀ ਦੇ ਬਲਿਦਾਨ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਕੋਲੋ ਬਹੁਤ ਵਾਰੀ ਤਰਸ ਦੇ ਅਧਾਰ ਤੇ ਨੌਕਰੀ ਦੀ ਮੰਗ ਕਰ ਚੁੱਕੀ ਹਾਂ, ਇਸ ਸਬੰਧੀ ਬਹੁਤ ਸਾਰੀਆਂ ਅਰਜੀਆਂ ਵੱਖ ਵੱਖ ਸਰਕਾਰੀ ਅਧਿਕਾਰੀਆਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ।ਮੈਂ ਇਕੱਲੀ ਵੱਖ ਵੱਖ ਦਫਤਰਾਂ ਦੇ ਵਾਰ ਵਾਰ ਗੇੜੇ ਮਾਰ ਕੇ ਥੱਕ ਚੁੱਕੀ ਹਾਂ, ਸਬੰਧਤ ਅਧਿਕਾਰੀਆਂ ਵੱਲੋਂ ਹਰ ਵਾਰੀ ਮੈਨੂੰ ਨੌਕਰੀ ਦਾ ਭਰੋਸਾ ਦੇ ਕੇ ਵਾਪਿਸ ਤੋਰ ਦਿੱਤਾ ਜਾਂਦਾ ਹੈ। ਹੁਣ ਮੇਰੀ ਉਮਰ 29 ਸਾਲ ਦੀ ਹੋ ਚੁੱਕੀ ਹਾਂ ਅਤੇ ਮੈਂ ਇੱਕਲੀ ਜਿੰਦਗੀ ਬਤੀਤ ਕਰ ਰਹੀ ਹਾਂ।ਹੁਣ ਪੰਜਾਬ ਪੁਲਿਸ ਵਿੱਚ ਸਬ ਇੰਨਸਪੈਕਟਰ ਦੇ ਫਾਰਮ ਭਰਨ ਵੇਲੇ ਪਤਾ ਲੱਗਿਆ ਕਿ ਮੇਰੀ ਤਾਂ ਉਮਰ ਵੀ ਇਹ ਨੌਕਰੀ ਅਪਲਾਈ ਕਰਨ ਦੇ ਯੋਗ ਨਹੀ ਰਹੀ ਹੈ।ਇਹ ਸੁਣਕੇ ਮੇਰੇ ਦਿਲ ਨੂੰ ਬਹੁਤ ਧੱਕਾ ਲੱਗਿਆ ਹੈ ਕਿ ਇੰਨਾ ਪੜ ਕੇ ਵੀ ਮੈਂ ਬੇਰੁਜ਼ਗਾਰ ਹੀ ਰਹਾਂਗੀ ਅਤੇ ਆਉਣ ਵਾਲੇ ਸਮੇਂ ਵਿੱਚ ਕਿਵੇਂ ਗੁਜਾਰਾ ਕਰਾਂਗੀ।

ਮੇਰੇ ਪਿਤਾ ਜੀ ਇਸ ਦੇਸ਼ ਲਈ ਸ਼ਹੀਦ ਹੋਏ ਸੀ।ਅੱਜ ਮੈਂਨੂੰ ਸਮਝ ਆ ਰਿਹਾ ਹੈ ਕਿ ਮੇਰੇ ਪਿਤਾ ਜੀ ਵਾਗੂੰ ਜੋ ਦੇਸ਼ ਲਈ ਸ਼ਹੀਦ ਹੁੰਦੇ ਹਨ, ਉਹਨਾਂ ਦੀ ਪਰਿਵਾਰਾਂ ਨਾਲ ਬਾਅਦ ਵਿੱਚ ਕੀ ਬੀਤਦੀ ਹੋਣੀ ਹੈ।ਮੈਂ ਆਪਣੀ ਜਿੰਦਗੀ ਦਾ ਗੁਜਾਰਾ ਬਹੁਤ ਮੁਸਕਿਲ ਨਾਲ ਕਰ ਰਹੀ ਹਾਂ । ਇਸ ਲੇਖ ਰਾਹੀ ਸਰਕਾਰ ਅੱਗੇ ਬੇਨਤੀ ਕਰਦੀ ਹਾਂ ਮੇਰੇ ਪਿਤਾ ਜੀ ਦੀ ਸ਼ਹੀਦੀ ਅਤੇ ਮੇਰੀ ਵਿੱਦਿਅਕ ਯੋਗਤਾ ਨੂੰ ਮੁੱਖ ਰੱਖਦੇ ਹੋਏ ਮੈਨੂੰ ਤਰਸ ਦੇ ਅਧਾਰ ਤੇ ਨੌਕਰੀ ਦਿੱਤੀ ਜਾਵੇ ਜੀ ਤਾਂ ਜੋ ਮੈਂ ਆਪਣੀ ਜਿੰਦਗੀ ਦਾ ਗੁਜਾਰਾ ਕਰ ਸਕਾਂ ਜੀ।

ਗੁਰਜੀਤ ਕੌਰ
ਮੋਬਾਇਲ 91158 87603

## ਪਰਜਾਤੰਤਰ ਵਿੱਚ ਹਾਕਮ ਕੋਈ ਨਹੀਂ ਬਸ ਲੋਕ-ਸੇਵਕ ਹੁੰਦੇ ਹਨ

ਦਲੀਪ ਸਿੰਘ ਵਾਸਨ, ਐਡਵੋਕੇਟ

ਸਾਡੇ ਮੁਲਕ ਉਤੇ ਮਿਥਿਹਾਸ ਤੋਂ ਲੈਕੇ ਸਦੀਆਂ ਤਕ ਹਾਕਮਾਂ ਦਾ ਰਾਜ ਰਿਹਾ ਹੈ ਅਤੇ ਹਾਕਮਾਂ ਨੇ ਮੁਲਕ ਦਾ ਬੇੜਾ ਗ਼ਰਕ ਕਰਕੇ ਰਖ ਦਿਤਾ ਹੈ। ਲੋਕੀਂ ਇਹ ਸਾਰਾ ਕੁਝ ਬਰਦਾਸ਼ਿਤ ਕਰਦੇ ਰਹੇ ਹਨ। ਇਹ ਗੁਰਬਤ ਜਿਹੜੀ ਅਜ ਸਾਡੇ ਮੁਲਕ ਵਿੱਚ ਬਣੀ ਪਈ ਹੈ ਇਹ ਕੋਈ ਅਜ ਦੀ ਪੈਦਾਇਸ਼ ਨਹੀਂ ਹੈ ਬਲਕਿ ਸਾਡੇ ਮਿਥਿਹਾਸ ਵਿੱਚ ਵੀ ਸੁਦਾਮਾ ਦਾ ਜ਼ਿਕਰ ਆ ਰਿਹਾ ਹੈ ਜਿਹੜਾ ਇਤਨਾ ਗਰੀਬ ਸੀ ਕਿ ਆਪਣੇ ਮਿਤਰ ਇਕ ਰਾਜਾ ਪਾਸ ਜਾਣ ਲਈ ਅਤੇ ਕੁਝ ਪੇਸ਼ ਕਰਨ ਲਈ ਕੁਝ ਵੀ ਨਹੀਂ ਸੀ। ਗੁਰਬਤ ਦਾ ਇਕ ਸਿਧਾਂਤ ਬਣਿਆ ਪਿਆ ਹੈ ਕਿ ਜਿਸ ਵੀ ਘਰ ਵਿੱਚ ਗੁਰਬਤ ਇੱਕ ਵਾਰੀਂ ਆ ਵੜੇ ਫਿਰ ਬਾਹਰ ਨਹੀਂ ਨਿਕਲਦੀ ਬਲਕਿ ਉਸ ਖਾਨਦਾਨ ਦੀਆਂ ਅਗਲੀਆਂ ਸਾਰੀਆਂ ਪੀੜ੍ਹੀਆਂ ਗਰੀਬ ਹੀ ਰਹਿੰਦੀਆਂ ਹਨ। ਇਹ ਹੈ ਹਾਕਮਾਂ ਦੇ ਰਾਜ ਦਾ ਨਤੀਜਾ ਜਿਹੜਾ ਅਸਾਂ ਭੁਗਤ ਰਹੇ ਹਾਂ।

ਇਹ ਹਾਕਮਾਨਾ ਸਿਲਸਿਲਾ ਮੁਗ਼ਲਾਂ ਤਕ ਕਾਇਮ ਰਿਹਾ ਅਤੇ ਇਤਿਹਾਸ ਗਵਾਹ ਹੈ ਮੁਗਲਾਂ ਨੇ ਸਾਡੇ ਮੁਲਕ ਦੇ ਇਤਿਹਾਸ ਦੀਆਂ ਬਾਰ੍ਹਾਂ ਤੇਰ੍ਹਾਂ ਸਦੀਆਂ ਬਰਬਾਦ ਕਰਕੇ ਰਖ ਦਿਤੀਆਂ ਸਨ। ਇਹ ਇਤਨਾ ਮਾੜਾ ਸਮਾਂ ਸੀ ਕਿ ਅਜ ਅਗਰ ਅਸੀਂ ਆਪਣੇ ਦੇਸ਼ ਦੇ ਇਤਿਹਾਸ ਵਿਚੋਂ ਇਹ ਸਮਾਂ ਕਢ ਵੀ ਦਈਏ ਤਾਂ ਵੀ ਕੋਈ ਹਰਜ ਨਹੀਂ ਹੈ। ਅਜ ਤਾਂ ਸਾਡੇ ਬਚੇ ਇਹ ਵਾਲਾ ਸਮਾਂ ਪੜ੍ਹਕੇ ਹੈਰਾਨ ਪ੍ਰੇਸ਼ਾਨ ਵੀ ਹਾਂ ਕਿ ਅਸੀਂ ਇਤਨੇ ਕਮਜ਼ੋਰ ਸਾਂ ਕਿ ਇਤਨੀ ਦੂਰ੍ਹੋਂ ਆਏ ਇਹ ਮੁਗਲ ਪਹਿਲਾਂ ਤਾਂ ਲੁਟੇਰੇ ਸਨ ਅਤੇ ਫਿਰ ਰਾਜ ਕਰਨ ਬੈਠ ਗਏ ਅਤੇ ਸਾਡਾ ਕੀ ਹਾਲ ਕੀਤਾ ਇਹ ਉਸ ਵਕਤ ਦੇ ਲੋਕਾਂ ਨੇ ਤਾਂ ਭੁਗਤਿਆ ਹੀ ਹੈ ਅਜ ਤਕ ਅਸੀਂ ਵੀ ਭੁਗਤ ਰਹੇ ਹਾਂ।

ਇਹ ਵੀ ਹੈਰਾਨੀ ਦੀ ਗਲ ਹੈ ਕਿ ਜਦ ਮਗਲਾਂ ਦਾ ਆਪ ਹੀ ਬੇੜਾ ਗਰਕ ਹੋ ਰਿਹਾ ਸੀ ਤਾਂ ਵੀ ਅਸੀਂ ਆਪ ਰਾਜ ਨਹੀਂ ਸੰਭਾਲ ਸਕੇ ਸਾਂ, ਬਲਕਿ ਅੰਗਰੇਜ਼ ਜਿਹੜ੍ਹੇ ਇਸ ਮੁਲਕ ਵਿੱਚ ਵਿਉਪਾਰ ਕਰਨ ਆਏ ਸਨ, ਮੌਕਾ ਦੇਖਕੇ ਉਨ੍ਹਾਂ ਨੇ ਰਾਜ ਸੰਭਾਲ ਲਿਆ ਅਤੇ ਇਹ ਵੀ ਹੈਰਾਨੀ ਦੀ ਗਲ ਹੈ ਕਿ ਅੰਗਰੇਜ਼ਾਂ ਦੀ ਸਰਕਾਰ ਬਾਹਰ ਲੰਡਨ ਵਿੱਚ ਬੈਠੀ ਰਹੀ ਅਤੇ ਇਸ ਮੁਲਕ ਦਾ ਰਾਜ ਕੋਈ ਸੌ ਸਾਲ ਦੇ ਕਰੀਬ ਅਫਸਰਾਂ ਰਾਹੀਂ ਹੀ ਚਲਾ ਗਈ ਅਤੇ ਆਪਣੇ ਅਫਸਰਾਂ ਦੀ ਮਦਕਦ ਲਈ ਉਨ੍ਹਾਂ ਜਿਹੜੀਆਂ ਵੀ ਹਦਾਇਤਾ ਦਿਤੀਆਂ ਉਹਹੀ ਅਜ ਸਾਡੇ ਮੁਲਕ ਦੇ ਕਾਨੂੰਨ ਹਨ ਅਤੇ ਇਹ ਲਿਖਤੀ ਕਾਨੂੰਨਾਂ ਰਾਹੀਂ ਸਰਕਾਰ ਚਲਾਉਣ ਦਾ ਕੰਮ ਅਫਸਰਸ਼ਾਹੀ ਹੀ ਕਰਦੀ ਰਹੀ ਹੈ। ਅਤੇ ਹੈਰਾਨੀ ਦੀ ਗਲ ਹੈ ਕਿ ਉਹ ਇਤਨੀ ਦੂਰ ਬੈਠਿਆ ਨੇ ਇਹ ਸਾਰਾ ਰਾਜ ਪ੍ਰਬੰਧ ਅਫਸਰਾਂ ਰਾਹੀਂ ਹੀ ਖੜਾ ਕਰ ਲਿਆ ਅਤੇ ਸਰਕਾਰ ਦਾ ਕੰਮ ਚਲਾਉਣ ਲਈ ਇਹ ਵਿਭਾਗਾਂ ਦੀ ਲੜੀ ਵੀ ਬਣਾਈ ਅਤੇ ਹਰ ਵਿਭਾਗ ਵਿੱਚ ਅਫਸਰਾਂ ਅਤੇ ਮੁਲਾਜ਼ਮਾਂ ਦੀ ਭਰਤੀ ਅਤੇ ਸਿਖਲਾਈ ਦਾ ਪ੍ਰਬੰਧ ਵੀ ਕੀਤਾ ਅਤੇ ਹਰ ਕੋਈ ਕੰਮ ਠੀਕ ਕਰੇ ਇਸ ਲਈ ਬਾਕਾਇਦਾ ਨਿਗਰਾਨੀ ਰਖਣ ਦਾ ਪ੍ਰਬੰਧ ਵੀ ਕੀਤਾ ਅਤੇ ਅਸਾਂ ਦੇਖਿਆ ਕਿ ਅਫਸਰਾਂ ਅਤੇ ਕਰਮਚਾਰੀਆਂ ਉਤੇ ਹਨੂਸ਼ਾਸਨੀ ਕਾਰਵਾਈ ਕਰਨ ਦਾ ਪ੍ਰਧ ਵੀ ਕੀਤਾ। ਸਜ਼ਾਵਾਂ ਵੀ ਦਿਤੀਆਂ ਅਤੇ ਅਸਾਂ ਇਹ ਵੀ ਦੇਖਿਆ ਕਿ ਉਨ੍ਹਾਂ ਨੇ ਸਰਕਾਰ ਚਲਾਉਣ ਲਈ ਬਾਕਾਇਦਾ ਆਦਮੀ ਤਿਆਰ ਵੀ ਕੀਤੇ। ਇਹ ਸਕੂਲ, ਇਹ ਸਿਖਲਾਈ ਕੇਂਦਰ ਅਤੇ ਇਹ ਯੂਨੀਵਰਸਟੀਆਂ ਕਾਇਮ ਕੀਤੀਆਂ ਅਤੇ ਸਰਕਾਰੀ ਕੰਮ ਚਲਾਉਣਲਈ ਬਾਕਾਇਦਾ ਲੜੀ ਤਿਆਰ ਰਖੀ ਗਈ ਸੀ। ਅੰਗਰੇਜ਼ਾਂ ਦੀ ਸਮਝ ਵਿਚ ਇਹ ਆ ਗਿਆ ਸੀ ਕਿ ਜਦ ਤਕ ਅਫਸਰ ਅਤੇ ਕਰਮਚਾਰੀ ਸਹੀ ਢੰਗ ਦੇ ਨਹੀਂ ਹੋਣਗੇ ਕੋਈ ਵੀ ਰਾਜ ਚਲ ਨਹੀਂ ਸਕਦਾ ਅਤੇ ਇਸ ਲਈ ਇਹ ਪਹਿਲੀ ਜ਼ਰੂਰਤ ਸੀ ਜਿਹੜੀ ਅੰਗਰੇਜ਼ਾਂ ਦਾ ਰਾਜ ਚਲਦਾ ਰਖ ਸਕੀ ਸੀ। ਅਤੇ ਸਾਡਾ ਇਤਿਹਾਸ ਗਵਾਹ ਹੈ ਕਿ ਜਦ ਅੰਗਰੇਜ਼ਜ਼ ਜਾਣ ਲਗਿਆ ਸਾਡੇ ਰਾਜਸੀ ਲੋਕਾਂ ਨੂੰ ਰਾਜ ਦੇਕੇ ਜਾ ਰਹੇ ਸਨ ਤਾਂ ਇਕ ਤਰ੍ਹਾਂ ਇਹ ਵੀ ਆਖ ਰਹੇ ਸਨ ਕਿ ਇਹ ਜਿਹੜਾ ਵੀ ਰਾਜ ਪ੍ਰਬੰਧ ਉਹ ਖੜਾ ਕਰਕੇ ਜਾ ਰਹੇ ਹਨ ਇਹੀ ਚਲਦਾ ਰਖਣਾ ਵਰਨਾ ਇਹ ਮੁਲਕ ਚਲ ਨਹੀਂ ਸਕੇਗਾ। ਅਤੇ ਅਸੀਂ ਆਪ ਇਹ ਦੇਖਿਆ ਹੈ ਕਿ ਉਸ ਵਕਤ ਜਵਾਹਰ ਲਾਲ ਨਹਿਰੂ ਜੀ ਵਰਗਿਆਂ ਨੇ ਸਭਤੋਂ ਪਹਿਲਾਂ ਕੰਮ ਇਹੀ ਕੀਤਾ ਸੀ ਕਿ ਜਿਹੜਾ ਵੀ ਰਾਜ ਪ੍ਰਬੰਧ ਅੰਗਰੇਜ਼ ਬਣਾ ਗਏ ਸਨ ਉਹ ਅਪਨਾਉਣ ਦਾ ਐਲਾਨ ਕਰ ਦਿਤਾ ਅਤੇ ਇਹ ਵੀ ਆਖ ਦਿਤਾ ਕਿ ਜਿਹੜਾ ਕੁਝ ਵੀ ਜਿਸ ਵੀ ਤਰ੍ਹਾਂ ਦਾ ਪ੍ਰਬੰਧ ਅੰਗਰੇਜ਼ਾਂ ਨੇ ਖੜਾ ਕੀਤਾ ਹੈ ਇਹ ਚਲਦਾ ਰਵੇਗੇਗਾ ਅਤੇ ਇਹ ਵੀ ਆਖ ਦਿਤਾ ਕਿ ਜਿਹੜੇ ਵੀ ਲਿਖਤੀ ਕਾਨੂੰਨ, ਨਿਯਮ ਅਤੇ ਹਦਾਇਤਾ ਹਨ ਇਹ ਸਾਰੀਆਂ ਦੀਆਂ ਸਾਰੀਆਂ ਜਿਵੇਂ ਦੀਆਂ ਵੀ ਹਨ ਲਾਗੂ ਰਹਿੰਣਗੀਆਂ। ਅਤੇ ਜਵਾਹਰ ਲਾਲ ਨਹਿਰੂ ਜੀ ਦਾਂ ਇਹ ਐਲਾਨ ਹੀ ਹੈ ਜਿਸ ਨਾਲ ਅਸੀਂ ਪਿਛਲੇ ਸਾਢੇ ਸਤ ਦਹਾਕਿਆਂ ਦਾ ਰਾਜ ਪ੍ਰਬੰਧ ਚਲਦਾ ਰਖੀ ਆ ਰਹੇ ਹਾਂ।

ਆਜ਼ਾਦੀ ਬਾਅਦ ਅਗਰ ਇਹ ਰਾਜ ਰਾਜਸੀ ਲੋਕਾਂ ਦੀ ਬਜਾਏ ਮਾਹਿਰਾਂ ਦੇ ਹਥ ਆ ਜਾਂਦਾ ਤਾਂ ਅਫਸਰਾਂ ਅਤੇ ਕਰਮਚਾਰੀਆਂ ਦੀ ਮਦ ਨਾਲ ਅਜ ਪਤਾ ਨਹੀਂ ਅਸਾਂ ਕੀ ਕੁਝ ਕਰ ਲੈਣਾ ਸੀ। ਮੁਗਲਾਂ ਤਕ ਇਕ ਪੁਰਖਾ ਜਿਹਾ ਰਾਜ ਹੀ ਰਿਹਾ ਸੀ ਅਤੇ ਮੁਗਲਾਂ ਤਕ ਦਾ ਸਮਾਂ ਸਾਡੀਆਂ ਬਰਬਾਦੀਆਂ ਦਾ ਹੀ ਇਤਿਹਾਸ ਹੈ ਅਤੇ ਅੰਗਰੇਜ਼ਾਂ ਨੇ ਇਕ ਸਦੀ ਮਾਹਿਰ ਅਫਸਰਾਂ ਰਾਹੀਂ ਸਾਨੂੰ ਇਕ ਮੁਲਕ ਦਿਤਾ ਸੀ ਅਤੇ ਬਾਕਾਇਦਾ ਇਕ ਰਾਜ ਪ੍ਰਬੰਧ ਵੀ ਦਿਤਾ ਸੀ ਜਿਸ ਵਿੱਚ ਅਸਾਂ ਦੇਖਿਆ ਬਾਕਾਇਦਾ ਇਹ ਵਿਭਾਗ ਸਨ, ਇਹ ਪੁਲਿਸ ਸੀ, ਇਹ ਮਿਲਟਰੀ ਸੀ, ਇਹ ਅਦਾਲਤਾਂ ਸਨ, ਇਹ ਲਿਖਤੀ ਕਾਨੂੰਨ ਸੀ ਅਤੇ ਆਦਮੀ ਤਿਆਰ ਕਰਨੜ ਲਈ ਬਾਕਹਇਦਾ ਸਕੂਲ, ਕਾਲਿਜ, ਯੂਨੀਵਰਸਟੀਆਂ ਅਤੇ ਸਿਖਲਾਈ ਦਾ ਪ੍ਰਬੰਧ ਵੀ ਕਰ ਦਿਤਾ ਸੀ। ਅਸਾਂ ਇਹ ਦੇਖ ਹੀ ਲਿਆ ਸੀ ਕਿ ਰਾਜ ਕਰਨ ਲਈ ਅਜ ਬਿਲਕੁਲ ਆਮ ਕਿਸਮ ਦਾ ਆਦਮੀ ਨਹੀਂ ਚਾਹੀਦਾ ਬਲਕਿ ਅਜ ਤਾਂ ਹਰ ਕੰਮ ਕਿਸੇ ਤਕਨਾਲੋਜੀ ਦੀ ਤਰ੍ਹਾਂ ਦਾ ਹੈ ਅਤੇ ਮਿਥੇ ਢੰਗ ਨਾਲ ਹੀ ਕੀਤਾ ਜਾ ਸਕਦਾ ਹੈ। ਉਹ ਸਮਾਂ ਲਦ ਗਿਆ ਹੈ ਜਦ ਬਾਦਸ਼ਾਹ ਦਾ ਫਰਮਾਨ ਲਾਗੂ ਕਰ ਦਿਤਾ ਜਾਂਦਾ ਸੀ ਅਤੇ ਬਾਦਸ਼ਾਹਾਂ ਦੇ ਦਰਬਾਰਾਂ ਵਿਚ ਬੈਠੇ ਦਰਬਾਰੀਆਂ ਨੇ ਤਾਲੀਆਂ ਲਗਾ ਕੇ ਇਹ ਆਖ ਦਿਤਾ ਸੀ ਵਕ ਕਮਾਲ ਹੀ ਕਰ ਦਿਤਾ ਚਹੈ ਹਜ਼ੂਰ।

ਸਾਡੇ ਮੁਲਕ ਦੇ ਲੋਕੀਂ ਹਮੇਸ਼ਾਂ ਹੀ ਗੁਲਾਮ ਰਹੇ ਹਨ ਅਤੇ ਜਦ ਇਹ ਰਾਜਸੀ ਲੋਕੀਂ ਪੈਰ ਜਮਾ ਰਹੇ ਸਨ ਤਾਂ ਵੀ ਇਹ ਨਾ ਜਾਣ ਸਕੇ ਕਿ ਇਹ ਵੀ ਹਾਕਮਾਂ ਦੀ ਤਰ੍ਹਾਂਖਾਨਦਾਨੀ ਜਿਹਾ ਰਾਜ ਆ ਗਿਆ ਹੈ ਅਤੇ ਲੋਕਾਂ ਦੀ ਚੁਪ ਨੇ ਰਾਜਸੀ ਲੋਕਾਂ ਨੂੰ ਹਿੰਮਤ ਦਿਤੀ ਅਤੇ ਅਸਾਂ ਦੇਖਿਲਆ ਇਹ ਰਾਜਸੀ ਲੋਕੀਂ ਹੀ ਪਰਜਾਤੰਤਰ ਦੇ ਨਾਮ ਉਤੇ ਰਾਜ ਕਰਦੇਆ ਰਹੇ ਹਨ। ਅਸਾਂ ਇਹ ਵੀ ਦੇਖਿਆ ਕਿ ਪ੍ਰਸ਼ਾਸਨ ਵਿੱਚ ਉਸੇ ਤਰ੍ਹਾਂ ਮਾਹਿਰਾਂ ਦੀ ਭਰਤੀ ਕੀਤੀ ਜਾਂਦੀ ਰਹੀ ਹੈ ਅਤੇ ਹਾਕਮਾਂ ਦੀ ਇਸ ਕਲਾਸ ਲਈ ਅਜ ਤਕ ਕੋਈ ਯੋਗਤਾ, ਕੋਈ ਸਿਖਲਾਈ, ਕੋਈ ਤਜਰਬਾ, ਕੋਈ ਉਮਰ ਅਤੇਸ ਸਾਫ ਪਿਛੋਕੜ ਦੀਆਂ ਸ਼ਰਤਾ ਵੀ ਨਹੀਂ ਬਣਾਈਆਂ ਗਈਆਂ। ਇਹਅਜੀਬ ਜਿਹਾ ਰਾਜ ਆ ਗਿਆ ਹੈ ਜਿਸ ਵਿੱਚ ਅਧੀਨ ਕੰਮ ਕਰਨ ਵਾਲੇ ਮਾਹਿਰ ਹਨ, ਪਰ ਉਨ੍ਹਾਂ ਉਤੇ ਸੁਪਰਵਾਇਜ਼ਰ ਅਤੇ ਉਨ੍ਹਾਂ ਨੂੰ ਸਲਾਹ ਦੇਣ ਵਾਲੇ ਉਨ੍ਹਾਂ ਦੇ ਬਰਾਬਰ ਦੇਨਹੀਂ ਹਨ। ਐਸੀਆਂ ਦੋ ਧਿਰਾਂ ਤਾਂ ਆਪੋ ਵਿਚ ਤਾਲ ਮੇਲ ਹੀ ਨਹੀਂ ਰਖ ਸਕਦੀਆਂ ਅਤੇ ਪਿਛਲੇ ਸਾਢੇ ਸਤ ਦਹਾਕਿਆਂ ਦੇ ਕੰਮ ਦਾ ਨਤੀਜਾ ਅਜ ਸਾਡੇ ਸਾਹਮਣੇ ਆ ਗਿਆ ਹੈ ਜਦ ਮੁਲਕ ਦੀ ਤਿੰਨ ਚੌਥਾਈ ਜੰਤਾ ਭੁਖੀ ਨੰਗੀ ਬਣਾ ਦਿਤੀ ਗਈ ਹੈ। ਇਹ ਕੈਸੀ ਆਜ਼ਾਦੀ ਹੈ ਅਤੇ ਇਹ ਕੈਸਾ ਪਰਜਾਤੰਤਰ ਹੈ ਅਤੇ ਇਹ ਕੀ ਨਤੀਜਾ ਹੈ। ਅਸੀਂ ਇਹ ਆਖੀਏ ਕਿ ਰਾਜਸੀ ਲੋਕਾਂ ਨੇ ਸਹੀ ਰਾਜ ਕੀਤਾ ਹੈ ਤਾਂ ਇਹਕਹਿਣਾ ਵੀ ਗਲਤ ਲਗਦਾ ਹੈ। ਨਤੀਜਾ ਪਾਸ ਹੀ ਹੋਵੇ ਤਾਂ ਠੀਕ ਮੰਨਿਆਜਾਂਦਾ ਹੈ ਅਤੇ ਫੇਲ ਨਤੀਜਾ ਤਾਂ ਫੇਲ੍ਹ ਹੀਹੁੰਦਾ ਹੈ ਅਤੇ ਇਹ ਆਖਿਆ ਜਾ ਸਕਦਾ ਹੈ ਕਿ ਸਾਡੇ ਮੁਲਕ ਵਿਚ ਆਜ਼ਾਦੀ ਅਤੇਇਹ ਪਰਜਾਤੰਤਰ ਫੇਲ ਹੋ ਗਏ ਹਨ ਅਤੇ ਇਸ ਫੇਲੀਅਰ ਲਈ ਰਾਜਸੀ ਲੋਕਾਂਦੀ ਜ਼ਿਮੇਵਾਰੀ ਹੈ।

ਕੀ ਅਸੀਂ ਰਾਜਸੀ ਲੋਕਾਂ ਪਾਸੋਂ ਆਜ਼ਾਦੀ ਲੈ ਸਕਦੇਹਾਂ, ਐਸਾ ਹੋਣਾ ਨਹੀਂ ਹੈ ਇਸ ਲਈ ਵਕਤ ਆ ਗਿਆ ਹੈ ਕਿ ਰਾਜਸੀ ਲੋਕਾਂ ਦੀ ਭਰਤੀ ਲਈ ਕੋਈਮਿਆਰ ਖੜੇ ਕਰਨੇਹਨ ਤਾਂਕਿ ਸਾਡੀਆਂਆਉਣ ਵਾਲੀਆਂਨਸਲਾਂ ਇਹ ਵਾਲੇ ਹਾਲਾਤ ਹੀਨਾ ਭੁਗੀ ਜਾਣ। ਪਰਜਾਤੰਤਰ ਵਿੱਚ ਰਾਜਸੀ ਲੋਕੀਂ ਹਾਕਮ ਨਹੀਂ ਹੁੰਦੇ ਬਲਕਿ ਲੋਕ ਸੇਵਕ ਹੁੰਦੇ ਹਲ ਅਤੇ ਸੇਵਕ ਜਦ ਵੀ ਭਰਤੀ ਕਰਨਾ ਹੁੰਦਾਹੈ ਤਾਂਉਹ ਜਿਸ ਵੀ ਅਸਾਮੀ ਲਈ ਚੁਣਿਆ ਜਾਂਦਾ ਹੈ ਉਸ ਅਸਾਮੀਦੀਆਂ ਜ਼ਿਮੇਵਾਰੀਆਂ ਸਾਹਮਣੇ ਰਖਕੇ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ ਅਤੇ ਬਹੁਤ ਹੀ ਘੋਖ ਕਰਕੇ ਬੰਦਾ ਚੁਣਿਆ ਜਾਂਦਾ ਹੈ ਤਾਂਕਿ ਉਹ ਐਵੇਂ ਹੀਤਨਖਾਹ ਨਾ ਲਈ ਜਾਵੇ ਬਲਕਿ ਜਿਸ ਅਹੁਦੇ ਉਤੇ ਰਖਿਆ ਗਿਆ ਹੈ ਉਸ ਅਹੁਦੇ ਦੀਆਂਜ਼ਿਮੇਵਾਰੀਆਂ ਨਿਭਾ ਸਕੇ। ਅਤੇਅਗਰ ਇਹ ਵਾਲਾ ਸਿਧਾਂਤ ਸਾਹਮਣੇ ਰਖਕੇ ਦੇਖਿਆ ਜਾਵੇ ਤਾਂ ਇਹ ਗਲਾਂ ਸਾਡੇ ਵਿਧਾਨਕਾਰਾਂ ਨੇ ਵੀ ਧਿਆਨ ਵਿਚ ਨਹੀਂ ਰਖੀਆਂ ਜਾਂ ਇਹ ਵੀ ਹੋ ਸਕਦਾ ਹੈ ਕਿ ਉਸ ਉਤੇ ਕੋਈ ਦਬਾਉ ਪਾਕੇ ਸੰਵਿਧਾਨ ਵਿੱਚ ਇਹ ਵਾਲਾ ਚੈਪਟਰ ਪਾਉਣ ਹੀ ਨਹੀਂ ਦਿਤਾ ਗਿਆ ਅਤੇ ਐਸਾ ਕੁਝ ਕਰਕੇ ਜਿਹੜੀ ਗਲਤੀ ਕੀਤੀ ਗਈ ਹੈ ਹੁਣ ਸਦੀਆਂ ਤਕ ਖਮਿਆਜ਼ਾ ਭੁਗਤਣਾ ਪਵੇਗਾ।

ਫੋਨ 0175 5191856

## ਆਓ! ਜ਼ਿੰਦਗੀ ਨੂੰ ਨਿਖਾਰੀਏ

ਹਰਕੀਰਤ ਕੌਰ

ਮਨੁੱਖੀ ਜਾਮੇ ਨੂੰ ਸ੍ਰਿਸ਼ਟੀ ਦੀ ਸਭ ਤੋਂ ਉੱਤਮ ਜੂਨ ਮੰਨਿਆ ਜਾਂਦਾ ਹੈ। ਸਾਡੇ ਵਿੱਚ ਕੁਦਰਤ ਵੱਲੋਂ ਹੀ ਸੂਝਬੂਝ, ਸੋਚਣ ਸ਼ਕਤੀ, ਯਾਦਸ਼ਕਤੀ , ਚੰਗਾ ਬੁਰਾ ਪਰਖਣ ਦੀ ਜੁਗਤ ਪਾਈ ਹੋਈ ਹੈ। ਹਾਲਾਤਾਂ ਨਾਲ ਲੜਣਾ, ਚੁਣੌਤੀਆਂ ਨੂੰ ਸਵੀਕਾਰ ਕਰਨਾ ਇਹ ਸਭ ਮਨੁੱਖ ਦੇ ਹਿੱਸੇ ਆਇਆ ਹੈ। ਤੁਹਾਡੇ ਵਿੱਚ, ਮੇਰੇ ਵਿੱਚ ਹਰ ਇਨਸਾਨ ਵਿੱਚ ਅਥਾਹ ਸ਼ਕਤੀ ਭਰੀ ਪਈ ਹੈ। ਤੁਸੀਂ ਕੋਈ ਪੱਥਰ ਨਹੀਂ ਬਲਕਿ ਹੀਰਾ ਹੋ ਇਸ ਲਈ ਸਦਾ ਆਪਣੇ ਆਪ ਨੂੰ ਚਮਕਾ ਕੇ ਰੱਖੋ। ਜਦ ਵੀ ਕਿਸੇ ਜੌਹਰੀ ਦੀ ਨਜ਼ਰ ਤੁਹਾਡੇ ਉੱਪਰ ਪਈ ਤਾਂ ਦੇਖਣਾ ਤੁਸੀਂ ਕਿਵੇਂ ਚਮਕੋਗੇ।

ਇਸ ਲਈ ਤੁਹਾਨੂੰ ਸਮੇਂ ਦਾ ਸਦਉਪਯੋਗ ਕਰਨਾ ਪਵੇਗਾ । ਸਮਾਂ ਬਹੁਤ ਕੀਮਤੀ ਹੈ ਇਸਨੂੰ ਬੇਕਾਰ ਨਹੀਂ ਗਵਾ ਸਕਦੇ, ਸਗੋਂ ਇਸ ਸਮੇਂ ਨੂੰ ਤੁਸੀਂ ਇੱਕ ਸ਼ਿਲਪਕਾਰ ਦੀ ਤਰ੍ਹਾਂ ਆਪਣੀ ਜ਼ਿੰਦਗੀ ਨੂੰ ਘੜਨ ਅਤੇ ਸੁਆਰਨ ਤੇ ਲਾਉਣਾ ਹੈ। ਆਲਸੀ ਮਨੁੱਖ ਧਰਤੀ ਉੱਪਰ ਸ਼ਰਾਪ ਹੁੰਦੇ ਹਨ। ਜੇ ਕੁਝ ਹਾਸਿਲ ਕਰਨਾ ਹੈ ਤਾਂ ਸਾਨੂੰ ਉੱਦਮ ਕਰਨਾ ਪਵੇਗਾ। ਜੇ ਮੰਜ਼ਲਿ ਤੇ ਪਹੁੰਚਣਾ ਹੈ ਤਾਂ ਸਾਨੂੰ ਤੁਰਨਾ ਪਵੇਗਾ। ਇਸੇ ਲਈ ਕਹਿੰਦੇ ਹਨ --' ਤੁਰਿਆ ਬਿਨਾਂ ਨਾ ਮੁਕਣੇ ਉਮਰਾਂ ਦੇ ਫਾਸਲੇ। ਇਸੇ ਉੱਦਮ ਦੇ ਸਦਕਾ ਤੁਸੀਂ ਆਪਣੀ ਗਰੀਬੀ ਦੂਰ ਕਰ ਸਕਦੇ ਹੋ, ਆਪਣੇ ਸੁਪਨੇ ਸਕਾਰ ਕਰ ਸਕਦੇ ਹੋ।

ਹੁਣ ਸਵਾਲ ਇਹ ਹੈ ਕਿ ਦੁਨੀਆਂ ਵਿੱਚ ਤੁਸੀਂ ਵਿਚਰਨਾ ਕਿਵੇਂ ਹੈ? ਯਾਦ ਰੱਖੋ ਹਮੇਸ਼ਾ ਫੁੱਲ ਬਣ ਕੇ ਰਹੋ। ਫੁੱਲ ਜਿਵੇਂ ਪਾਣੀ ਉੱਪਰ ਤੈਰਦਾ ਹੈ ਕਿਸੇ ਨੂੰ ਕਸ਼ਟ ਨਹੀਂ ਦਿੰਦਾ, ਚਾਰੇ ਪਾਸੇ ਖ਼ੁਸ਼ਬੂ ਫੈਲਾਉਂਦਾ ਹੈ। ਤੁਹਾਡੇ ਹਾਲਾਤ ਕਿਵੇਂ ਦੇ ਕਿਉਂ ਨਾ ਹੋਣ, ਤੁਸੀਂ ਕਮਲ ਦੇ ਫੁੱਲ ਵਾਂਗ ਹੀ ਬਣਨਾ ਹੈ, ਜਿਵੇਂ ਕਮਲ ਦੇ ਫੁੱਲ ਨੂੰ ਚਿੱਕੜ ਦੀ ਦਲਦਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਇਸੇ ਤਰ੍ਹਾਂ ਦੁੱਖਾਂ ਤਕਲੀਫ਼ਾਂ ਦਾ ਵੀ ਸਾਡੇ ਉੱਪਰ ਕੋਈ ਅਸਰ ਨਹੀਂ ਹੋਣਾ ਚਾਹੀਦਾ। ਹਰ ਇੱਕ ਦੀ ਮਦਦ ਲਈ ਹਮੇਸ਼ਾ ਤਿਆਰ ਰਹੋ, ਤੁਹਾਡਾ ਖੁਦ ਦਾ ਵਿਵਹਾਰ ਉਵੇਂ ਦਾ ਹੋਵੇ ਜਿਵੇਂ ਦਾ ਤੁਸੀਂ ਕਿਸੇ ਕੋਲੋਂ ਚਾਹੁੰਦੇ ਹੋ। ਇਹ ਦੁਨੀਆਂ ਖੂਹ ਦੀ ਅਵਾਜ਼ ਹੈ, ਜਿਸ ਤਰ੍ਹਾਂ ਦੀ ਅਵਾਜ਼ ਤੁਸੀਂ ਕੱਢੋਗੇ ਉਸੇ ਅਵਾਜ਼ ਦੀ ਗੂੰਜ ਤੁਹਾਡੇ ਕੋਲ ਵਾਪਿਸ ਆਵੇਗੀ। ਆਪਣੀ ਸ਼ਖਸੀਅਤ ਨੂੰ ਨਿਖਾਰਨ ਲਈ ਇਹ ਗੁਣ ਬਹੁਤ ਜਰੂਰੀ ਹਨ। ਆਪਣੀ ਰੋਜ਼ਾਨਾ ਦੀ ਰਹਿਣੀ ਬਹਿਣੀ ਨਿਅਮਤ ਕਰੋ। ਆਪਣੀ ਦਿੱਖ ਨੂੰ ਨਿਖਾਰੋ, ਜਰੂਰੀ ਨਹੀਂ ਕਿ ਆਪਣੀ ਦਿਖ ਨੂੰ ਨਿਖਾਰਣ ਲਈ ਤੁਹਾਡੇ ਕੋਲ ਮਹਿੰਗੇ ਕੱਪੜੇ ਜਾਂ ਬੂਟ ਹੋਣ, ਸਾਦੇ ਜਿਹੇ ਕੱਪੜਿਆਂ ਵਿੱਚ ਚਿਹਰੇ ਤੇ ਹਰ ਸਮੇਂ ਹਲਕੀ ਜਿਹੀ ਮੁਸਕਾਨ ਨਾਲ ਵੀ ਤੁਸੀਂ ਲੋਕਾਂ ਦੇ ਦਿਲ ਜਿੱਤ ਸਕਦੇ ਹੋ।

ਸਵੇਰੇ ਅੰਮ੍ਰਿਤ ਵੇਲੇ ਉੱਠੋ ਆਪਣੇ ਵਿਸ਼ਵਾਸ ਅਨੁਸਾਰ ਪਾਠ ਪੂਜਾ ਕਰੋ। ਅੱਜ ਦੇ ਦਿਨ ਕਰਨ ਵਾਲੇ ਕੰਮਾਂ ਦੀ ਸੂਚੀ ਬਣਾਓ। ਰਾਤ ਨੂੰ ਸੌਣ ਲੱਗਿਆਂ ਦੇਖੋ ਕਿ ਕੀ ਤੁਸੀਂ ਅੱਜ ਦੇ ਸਾਰੇ ਕੰਮ ਪੂਰੇ ਕਰ ਲਏ ਹਨ? ਇਹ ਵੀ ਦੇਖੋ ਕਿ ਅੱਜ ਦੇ ਦਿਨ ਵਿੱਚ ਤੁਸੀਂ ਕਿਸੇ ਦਾ ਦਿਲ ਤਾਂ ਨਹੀਂ ਦੁਖਾਇਆ ? ਕਿਸੇ ਤਰ੍ਹਾਂ ਦੀ ਭੁੱਲ ਹੋਈ ਹੋਵੇ, ਇਸ ਸਭ ਦਾ ਪਤਾ ਕਰਕੇ ਆਪਣੇ ਵਿੱਚ ਪਰਿਵਰਤਨ ਲਿਆਓ। ਅੱਜ ਬਹੁਤੇ ਲੋਕ ਹੋਣੀ ਉੱਪਰ ਸਭ ਕੁਝ ਛੱਡ ਦਿੰਦੇ ਹਨ ਅਤੇ ਉੱਦਮ ਵੱਲੋਂ ਮੂੰਹ ਮੋੜ ਲੈਂਦੇ ਹਨ। ਕਾਮਯਾਬ ਹੋਣ ਲਈ ਕਿਸਮਤ ਉੱਪਰ ਸਭ ਕੁਝ ਛੱਡਿਆ ਨਹੀਂ ਜਾ ਸਕਦਾ, ਮਿਹਨਤ, ਲਗਨ, ਕੋਸ਼ਿਸ਼ ਬਹੁਤ ਜਰੂਰੀ ਹੈ। ਆਪਣੇ ਕਰਮ ਨੂੰ ਪ੍ਰਾਪਤੀ ਨਾਲ ਜੋੜੋ। ਆਪਣੇ ਗੁਣਾ ਨੂੰ ਉਭਾਰੋ। ਤੁਹਾਡੀ ਸ਼ਖਸੀਅਤ ਮਿਕਨਾਤੀਸੀ ਬਣੇਗੀ ਤਾਂ ਲੋਕ ਆਪਣੇ ਆਪ ਤੁਹਾਡੇ ਵੱਲ ਖਿੱਚੇ ਆਉਣਗੇ। ਲੋਕ ਉਸੇ ਮਨੁੱਖ ਨੂੰ ਪਸੰਦ ਕਰਦੇ ਹਨ, ਜਿੰਨਾ ਦੇ ਚਿਹਰਿਆਂ ਉੱਪਰ ਮੁਸਕਾਨ ਝਲਕਦੀ ਹੈ, ਜਿਨ੍ਹਾਂ ਦੇ ਸਾਮ੍ਹਣੇ ਆਉਣ ਨਾਲ ਰੂਹ ਖਿੜ ਜਾਂਦੀ ਹੈ।

ਸੋ ਸਦਾ ਜ਼ਿੰਦਗੀ ਦੀ ਜੰਗ ਵਿੱਚ ਜੇਤੂ ਹੋਕੇ ਨਿੱਤਰੋ। ਸ਼ੁੱਭ ਕੰਮ ਲਈ ਸਾਰੇ ਸਮੇਂ ਸ਼ੁੱਭ ਹੁੰਦੇ ਹਨ। ਕਿਸੇ ਮਹੂਰਤ ਦੀ ਲੋੜ ਨਹੀਂ। ਆਪਣਾ ਨਿਸ਼ਾਨਾ ਹਮੇਸ਼ਾ ਉੱਚੇ ਤੋਂ ਉੱਚਾ ਰੱਖੋ। ਅਸਫਲਤਾ ਦਾ ਡਰ ਨਾ ਰੱਖੋ, ਜੇਕਰ ਅਸਫ਼ਲ ਹੋ ਵੀ ਗਏ ਤਾਂ ਫਿਰ ਤੋਂ ਸ਼ੁਰੂ ਕਰੋ । ਇੱਕ ਦਿਨ ਜਰੂਰ ਸਫ਼ਲ ਹੋਵੋਂਗੇ। ਐਡੀਸਨ ਦੁਨੀਆਂ ਦਾ ਮਹਾਨ ਸਾਇੰਸਦਾਨ ਹੋਇਆ ਹੈ। ਜਿਸ ਨੇ ਬਿਜਲੀ ਦੇ ਬਲਬ ਦੀ ਖੋਜ ਕੀਤੀ। ਸਾਰੀ ਦੁਨੀਆਂ ਨੂੰ ਨਵੀਂ ਰੋਸ਼ਨੀ ਦਿੱਤੀ। ਇਸ ਤੋਂ ਪਹਿਲਾਂ ਉਹ 200 ਵਾਰ ਅਸਫ਼ਲ ਹੋਇਆ। ਸੋ ਯਤਨ ਕਰਦੇ ਰਹੋ। ਚੁਣੌਤੀਆਂ ਸਵੀਕਾਰ ਕਰਦੇ ਰਹੋ। ਇਹ ਕੁਝ ਅਜਿਹੇ ਗੁਣ ਹਨ ਜਿੰਨਾ ਨੂੰ ਅਪਣਾ ਅਸੀਂ ਆਪਣੀ ਸ਼ਖਸੀਅਤ ਨਿਖਾਰ ਸਕਦੇ ਹਾਂ ਅਤੇ ਜੀਵਨ ਨੂੰ ਅਸਾਨ ਬਣਾ ਸਕਦੇ ਹਾਂ।

9779118066

## ਦੋ ਸੋ ਛਪੰਜਾ ਦਮੜੇ ਦਾ ਇਕ ਰੁਪਈਆ ਕਿਵੇਂ ਬਣਿਆ

ਡਾ. ਅਮਰੀਕ ਸਿੰਘ ਕੰਡਾ

ਦੋਸਤੋ ਅੱਜਕਲ ਤਾਂ ਚਵਾਨੀਆਂ ਧੇਲੀਆਂ ਰੁਪਈਏ ਪੰਜ ਦਸ ਰੁਪਈਏ ਦੀ ਕੋਈ ਵਿਲਿਊ ਨਹੀਂ ਹੈ । ਤੁਸੀਂ ਆਏਂ ਵੀ ਕਹਿ ਸਕਦੇ ਹੋ ਕਿ ਰੁਪਈਏ ਦੀ ਕਦਰ ਨਹੀਂ ਰਹੀ । ਜ਼ਮਾਨਾ ਬਦਲ ਗਿਆ । ਜ਼ਮਾਨੇ ਦੇ ਨਾਲ ਨਾਲ ਕੋਡੀਆਂ ਤੋਂ ਰੁਪਈਏ ਦੀ ਕਹਾਣੀ ਕਿਵੇਂ 256 ਦਮੜੇ ਤੋਂ ਰੁਪਈਆ ਬਣਿਆ । ਆਉ ਜਾਣੀਏ ਰੁਪਈਏ ਦਾ ਇਤਿਹਾਸ ਪ੍ਰਾਚੀਨ ਭਾਰਤੀ ਮੁਦਰਾ ਪ੍ਰਣਾਲੀ

ਫੂਟੀ ਕੋਡੀ ਤੋਂ ਕੋਡੀ ਤੇ ਫੇਰ ਕੋਡੀ ਤੋਂ ਦਮੜੀ ਤੇ ਫੇਰ ਦਮੜੀ ਤੋਂ ਧੇਲਾ ਤੇ ਫੇਰ ਧੇਲੇ ਤੋਂ ਪਾਈ ਤੇ ਫੇਰ ਪਾਈ ਤੋਂ ਪੈਸਾ ਤੇ ਫੇਰ ਪੈਸੇ ਤੋਂ ਆਨਾ ਤੇ ਫੇਰ ਆਨੇ ਤੋਂ ਰੁਪਇਆ ਬਣਿਆ ਮਤਲਬ 256 ਦਮੜੇ=192 ਪਾਈ=128 ਧੇਲੇ=64 ਪੁਰਾਣੇ ਪੈਸੇ=16 ਆਨੇ=1ਰੁਪਈਆ

ਤਿੰਨ ਫੁੱਟੀ ਕੋਡੀ-1 ਕੋਡੀ
10 ਕੋਡੀ-ਇਕ ਦਮੜੀ
2 ਦਮੜੀ ਇਕ ਧੇਲਾ
1.5 ਪਾਈ-1ਧੇਲਾ
3 ਪਾਈ-1 ਪੈਸਾ ਪੁਰਾਣਾ



4 ਪੈਸੇ -ਇਕ ਆਨਾ
ਸੋਲਾਂ ਆਨੇ-ਇਕ ਰੁਪਈਆ

ਪ੍ਰਾਚੀਨ ਮੁਦਰਾ ਦੀ ਇਹਨਾਂ ਇਕਾਈਆਂ ਨੇ ਸਾਡੀ ਬੋਲ ਚਾਲ ਦੀ ਭਾਸ਼ਾ ਨੂੰ ਕਈ ਕਹਾਵਤਾਂ ਦਿੱਤੀਆਂ ਨੇ । ਜਿਹੜੀਆਂ ਪਹਿਲਾਂ ਵੀ ਸਨ ਤੇ ਹੁਣ ਵੀ ਪ੍ਰਚਲਿਤ ਨੇ । ਜਿਵੇਂ

ਇੱਕ ਫੂਟੀ ਕੋਡੀ ਵੀ ਨਹੀਂ ਦੇਵਾਂਗਾ
ਧੇਲੇ ਦਾ ਕੰਮ ਨਹੀਂ ਕਰਦਾ ਜਾਂ ਕਰਦੀ
ਚਮੜੀ ਜਾਵੇ ਪਰ ਦਮੜੀ ਨਾ ਜਾਵੇ
ਪਾਈ ਪਾਈ ਦਾ ਹਿਸਾਬ ਰੱਖਣਾ
ਸੋਲਾਂ ਆਨੇ ਸੱਚ

1764-ਗੁਰੂ ਰਾਮ ਦਾਸ ਨਗਰ ਨੇੜੇ ਨੈਸਲੇ ਮੋਗਾ-142001 ਪੰਜਾਬ ਭਾਰਤ
98557-35666



# ਕੈਪਟਨ ਦੇ ਕਵਰਿੰਗ ਉਮੀਦਵਾਰ ਰਹਿ ਚੁੱਕੇ ਗੁਰਮੀਤ ਸਿੰਘ ਖੁੱਡੀਆਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ



ਚੰਡੀਗੜ੍ਹ, 27 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਵਿਧਾਨਸਭਾ ਚੋਣਾਂ ਵੇਲੇਦੇ ਕਵਰਿੰਗ ਉਮੀਦਵਾਰ ਤੇ ਸਵਰਗੀ ਪਾਰਲੀਮੈਂਟ ਮੈਂਬਰ ਜਗਦੇਵ ਸਿੰਘ ਖੁੱਡੀਆਂ ਦੇ ਪੁੱਤਰ ਗੁਰਮੀਤ ਸਿੰਘ ਖੁੱਡੀਆਂ ਆਪਣੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।

ਕੱਲ੍ਹ ਚੰਡੀਗੜ੍ਹ ਵਿੱਚ ਹੋਏ ਇੱਕ ਸਮਾਗਮ ਮੌਕੇ ਗੁਰਮੀਤ ਸਿੰਘ ਖੁੱਡੀਆਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਉੱਤੇਪਾਰਟੀ ਦੇ ਪ੍ਰਦੇਸ਼ ਪ੍ਰਧਾਨ ਭਗਵੰਤ ਮਾਨ, ਪੰਜਾਬ ਮਾਮਲਿਆਂ ਦੇ ਕੋ-ਇੰਚਾਰਜ ਰਾਘਵ ਚੱਢਾ, ਵਿਧਾਇਕ ਮੀਤ ਹੇਅਰ ਅਤੇ ਵਿਧਾਇਕਾ ਬਲਜਿੰਦਰ ਕੌਰ ਨੇ ਸਵਾਗਤ ਕੀਤਾ। ਖੁੱਡੀਆਂ ਨਾਲ ਲੰਬੀ ਹਲਕੇ ਨਾਲ ਸਬੰਧਤ ਕੁਝ ਸਰਪੰਚ, ਪੰਚ ਅਤੇ ਹੋਰ ਨੇਤਾ ਵੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਇਸ ਮੌਕੇ ਗੁਰਮੀਤ ਸਿੰਘ ਖੁੱਡੀਆ ਅਤੇ ਹੋਰਨਾਂ ਦਾ ਸਵਾਗਤ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਨੂੰ ਬਚਾਉਣ ਦਾ ਦਰਦ ਰੱਖਦੀਆਂ ਸ਼ਖ਼ਸੀਅਤਾਂ ਅੱਗੇ ਆ ਕੇ ਆਮ ਆਦਮੀ ਪਾਰਟੀ ਨਾਲ ਜੁੜ ਰਹੀਆਂ ਹਨ ਅਤੇ ਚੰਗੇ ਬੰਦਿਆਂ ਦਾ ਇਸ ਪਾਰਟੀ ਵਿੱਚ ਖੁੱਲ੍ਹੇ ਮਨ ਨਾਲ ਸਵਾਗਤ ਹੈ। ਉਨ੍ਹਾ ਕਿਹਾ ਕਿ ਖੁੱਡੀਆਂ ਪਰਵਾਰ ਮਾਲਵੇ ਦਾ ਨਾਮਵਰ ਪਰਵਾਰ ਹੈ ਅਤੇ ਇਸ ਦਾ ਜ਼ਿਲ੍ਹਾ ਮੁਕਤਸਰ, ਫ਼ਰੀਦਕੋਟ ਅਤੇ ਬਠਿੰਡਾ ਸਮੇਤ ਪੂਰੇ ਪੰਜਾਬ ਵਿੱਚ ਚੰਗਾ ਪ੍ਰਭਾਵ ਹੈ। ਰਾਘਵ ਚੱਢਾ ਨੇ ਕਿਹਾ ਗੁਰਮੀਤ ਸਿੰਘ ਖੁੱਡੀਆਂ ਇੱਕ ਲੋਕ ਆਗੂ ਹਨ, ਜਿਨ੍ਹਾਂ ਨੇ ਲੋਕਾਂ ਦੀ ਤਿਆਗ ਦੀ ਭਾਵਨਾ ਨਾਲ ਸੇਵਾ ਕੀਤੀ ਹੈ ਪਰ ਕਾਂਗਰਸੀ ਆਗੂਆਂ ਨੇ ਬਾਦਲਾਂ ਨਾਲ ਮਿਲੀਭੁਗਤ ਕਰਕੇ ਗੁਰਮੀਤ ਸਿੰਘ ਖੁੱਡੀਆਂ ਨੂੰ ਸਿਆ-ਸਤ ਵਿੱਚ ਉਪਰ ਨਹੀਂ ਉਠਣ ਦਿੱਤਾ। ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ ਹਿਤੈਸ਼ੀ ਨੀਤੀਆਂ ਅਤੇ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਸਰਕਾਰ ਵੱਲੋਂ ਕੀਤੇ ਕੰਮਾਂ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਹੈ, ਜਦ ਕਿ ਕਾਂਗਰਸੀ ਆਗੂ ਬਾਦਲ ਪਰਵਾਰ ਨਾਲ ਮਿਲੀਭੁਗਤ ਕਰਕੇ ਪੰਜਾਬ ਦੇ ਲੋਕਾਂ ਨੂੰ ਧੋਖਾ ਦਿੰਦੇ ਹਨ ਅਤੇ ਸੌਦੇਬਾਜ਼ੀ ਕਰਦੇ ਹਨ।

# ਬੇਅਦਬੀ ਤੇ ਗੋਲੀਕਾਂਡ ਕੇਸ ਵਿਚ ਐੱਸ ਆਈ ਟੀ ਨੇ ਅੱਜ ਤਕ 209 ਲੋਕਾਂ ਦੇ ਬਿਆਨ ਦਰਜ ਕੀਤੇ

ਚੰਡੀਗੜ੍ਹ, 27 ਜੁਲਾਈ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਕੋਟਕਪੂਰਾ ਗੋਲੀਕਾਂਡ ਅਤੇ ਹੋਰ ਘਟਨਾਵਾਂ ਦੀ ਜਾਂਚ ਲਈ ਪੰਜਾਬ ਹਰਿਆਣਾ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਬਣਾਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ ਆਈ ਟੀ) ਨੇ ਅੱਜ ਇਸ ਕੇਸ ਨਾਲ ਜੁੜੇ 209 ਲੋਕਾਂ ਦੇ ਬਿਆਨ ਦਰਜ ਕੀਤੇ ਹਨ।

ਕੱਲ੍ਹ ਐੱਸ ਆਈ ਟੀ ਨੇ ਗਵਾਹ ਦੇ ਤੌਰ ਉੱਤੇਜਿਨ੍ਹਾਂ ਨੌਂ ਲੋਕਾਂ ਨੂੰ ਬੁਲਾਇਆ ਸੀ, ਜਿਨ੍ਹਾਂ ਵਿੱਚ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਸ਼ਾਮਲ ਸਨ, ਜਿਨ੍ਹਾਂ ਨੂੰ ਇਸ ਤੋਂ ਪਹਿਲਾਂ 19 ਜੁਲਾਈ ਨੂੰ ਵੀ ਬੁਲ-ਾਇਆ ਗਿਆ ਸੀ।ਕੋਟਕਪੂਰਾ ਗੋਲੀਕਾਂਡ ਦੀ ਜਾਂਚ ਕਰ ਰਹੀ ਐਡੀਸ਼ਨਲ ਡੀ ਜੀ ਪੀ ਲਕਸ਼ਮੀਕਾਂਤ ਯਾਦਵ ਦੀ ਅਗਵਾਈ ਵਾਲੀ ਐਸ ਆਈ ਟੀ ਵੱਲੋਂ ਕੇਸ ਦੀ ਜਾਂਚ ਸ਼ੁਰੂ ਕਰਨ ਪਿੱਛੋਂ ਅੱਜ ਤਕ 209 ਲੋਕਾਂ ਦੇ ਬਿਆਨ ਲਏ ਗਏ ਹਨ, ਜਿਨ੍ਹਾਂ ਵਿੱਚ ਉਹ ਲੋਕ ਸ਼ਾਮਲ ਹਨ, ਜਿਨ੍ਹਾਂ ਉੱਤੇ ਦੋਸ਼ ਲੱਗੇ ਹਨ, ਜਦੋਂ ਕਿ ਮੌਕੇ ਉੱਤੇ ਮੌਜੂਦ ਅੱਖੀਂ ਦੇਖਣ ਵਾਲੇ ਲੋਕ ਐਸ ਆਈ ਟੀ ਨਾਲ ਖੁਦ ਸੰਪਰਕ ਕਰਕੇ ਆਪਣੇ ਕੋਲ ਮੌਜੂਦ ਤੱਥ ਦੱਸ ਕੇ ਗਏ ਹਨ।ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਤੋਂ ਕੋਟਕਪੂਰਾ ਚੌਕ ਵਿੱਚ ਲੱਗੇ ਸਿੱਖ ਸੰਗਤਾਂ ਦੇ ਧਰਨੇ ਬਾਰੇ ਐਸ ਆਈ ਟੀ ਨੂੰ ਮਹੱਤਵ ਪੂਰਨ ਜਾਣਕਾਰੀ ਮਿਲੀ ਹੈ ਕਿਉਂਕਿ ਉਨ੍ਹਾਂ ਨੇ ਆਪਣੀ ਕੋਟਕਪੂਰਾ ਵਿੱਚ ਹਾਜ਼ਰੀ ਬਾਰੇ ਕਈ ਗੱਲਾਂ ਦੱਸੀਆਂ ਹਨ।

ਵਰਣਣ ਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਨੇ ਸਾਬਕਾ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਜਾਂਚ ਟੀਮ ਵੱਲੋਂ ਕੀਤੀ ਜਾਂਚ ਨੂੰ ਰੱਦ ਕਰ ਦਿੱਤਾ ਸੀ ਤੇ ਪੰਜਾਬ ਸਰਕਾਰ ਨੂੰ ਨਵੀਂ ਐਸ ਆਈ ਟੀ ਬਣਾਉਣਲਈ ਕਿਹਾ ਸੀ, ਜਿਸ ਤੋਂ ਬਾਅਦ ਏ ਡੀ ਜੀ ਪੀ (ਵਿਜੀਲੈਂਸ) ਲਕਸ਼ਮੀਕਾਂਤ ਯਾਦਵ, ਲੁਧਿਆਣਾ ਪੁਲਸ ਕਮਿਸ਼ਨਰ ਰਾਕੇਸ਼ ਅਗਰਵਾਲ ਅਤੇ ਡੀ ਆਈ ਜੀ ਫਰੀਦਕੋਟ ਸੁਰਜੀਤ ਸਿੰਘ ਉੱਤੇ ਆਧਾਰਤ ਐੱਸ ਆਈ ਟੀ ਬਣਾਈ ਗਈ ਸੀ।ਇਸ ਐਸ ਆਈ ਟੀ ਨੇ 14 ਅਕਤੂਬਰ 2015 ਅਤੇ 7 ਅਗਸਤ 2018 ਨੂੰ ਦਰਜ ਕੀਤੇ ਦੋ ਕੇਸਾਂ ਨਾਲ ਸਬੰਧਤ ਘਟਨਾਵਾਂ ਦੀ ਜਾਂਚ ਕਰਕੇ ਰਿਪੋਰਟ ਹਾਈ ਕੋਰਟ ਨੂੰ ਸੌਂਪਣੀ ਹੈ।

# ਕਿਸਾਨਾਂ ਦੀ ਘੁਰਕੀ ਪਿਛੋਂ ਕੈਬਨਿਟ ਮੰਤਰੀ ਚੰਨੀ ਨੇ ਮੋੜਾ ਕੱਟਿਆ

ਚੰਡੀਗੜ੍ਹ, 27 ਜੁਲਾਈ (ਪੋਸਟ ਬਿਊਰੋ)- ਕਿਸਾਨਾਂ ਦੀ ਘੁਰਕੀ ਮਗਰੋਂ ਪੰਜਾਬ ਦੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਬੀਤੇ ਦਿਨੀਂ ਹੋਏ ਹਮਲੇ ਬਾਰੇ ਇੱਕ ਹੋਰ ਯੂ-ਟਰਨ ਲੈ ਲਿਆ ਹੈ।

ਕੈਬਨਿਟ ਮੰਤਰੀ ਚਰਨਜੀਤ ਸਿੰਘ ਜਿਨ੍ਹਾਂ ਕਿਸਾਨਾਂ ਨੂੰ ਪਹਿਲਾਂ ਸ਼ੱਕੀ ਅਨਸਰ ਦੱਸਦੇ ਸਨ, ਕੱਲ੍ਹ ਉਨ੍ਹਾਂ ਦੇ ਖਿਲਾਫ ਪੁਲਸ ਕੇਸ ਰੱਦ ਕਰਵਾਉਣ ਲਈ ਪੱਤਰ ਲਿਖ ਦਿੱਤਾ ਹੈ। ਵਰਨਣ ਯੋਗ ਹੈ ਕਿ 24 ਜੁਲਾਈ ਨੂੰ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਜਦੋਂ ਚਮਕੌਰ ਸਾਹਿਬ ਫੇਰੀ ਦੌਰਾਨ ਗੁਰਦੁਆਰਾ ਕਤਲਗੜ੍ਹ ਸਾਹਿਬ ਸਨ ਤਾਂ ਕਿਸਾਨਾਂ ਨੇ ਉਨ੍ਹਾਂ ਨੂੰ ਕਾਲੇ ਝੰਡੇ ਦਿਖਾਏ ਸਨ। ਕੈਬਨਿਟ ਮੰਤਰੀ ਚੰਨੀ ਨੇ ਦੋਸ਼ ਲਾਇਆ ਸੀ ਕਿ ਪੁਲਸ ਦੀ ਮਿਲੀਭੁਗਤ ਨਾਲ ਕੁਝ ਸ਼ੱਕੀ ਅਨਸਰਾਂ ਨੇ ਉਨ੍ਹਾਂ ਉੱਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਤੇ ਪੁਲਸ ਸ਼ੱਕੀ ਅਨਸਰਾਂ ਨੂੰ ਕਾਬੂ ਕਰਨ ਵਿੱਚ ਨਾਕਾਮ ਰਹੀ ਹੈ। ਚੰਨੀ ਨੇ ਕਿਹਾ ਕਿ ਉਨ੍ਹਾਂ ਨੂੰ ਗੁਰੂ ਘਰ ਦੇ ਮਗਰਲੇ ਗੇਟ ਤੋਂ ਬਾਹਰ ਨਿਕਲਣਾ ਪਿਆ। ਉਸ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਇਸ ਕੇਸ ਉੱਤੇ ਡੀ ਜੀ ਪੀ ਨਾਲ ਗੱਲ ਕੀਤੀ ਸੀ। ਦੂਜੇ ਪਾਸੇ ਮੰਤਰੀ ਚੰਨੀ ਦੀ ਇਸ ਬੋਲ-ਬਾਣੀ ਤੋਂ ਰੋਹ ਵਿੱਚ ਆਏ ਕਿਸਾਨਾਂ ਨੇ ਹਲਕਾ ਚਮਕੌਰ ਸਾਹਿਬ ਵਿੱਚ ਪ੍ਰਚਾਰ ਵਿੱਢ ਦਿੱਤਾ ਸੀ।ਇਸੇ ਦੌਰਾਨ ਕੈਬਨਿਟ ਮੰਤਰੀ ਚਰਨਜੀਤ ਸਿੰਘ ਨੇ ਆਪਣੇ ਸਿਆਸੀ ਨੁਕਸਾਨ ਦੇ ਡਰੋਂ ਪੁਲਸ ਨੂੰ ਪੱਤਰ ਲਿਖ ਦਿੱਤਾ ਹੈ ਕਿ ਸਬੰਧਤ ਲੋਕਾਂ ਉੱਤੇ ਦਰਜ ਕੇਸ ਰੱਦ ਕੀਤਾ ਜਾਵੇ।

# ਕਰਤਾਰਪੁਰ ਸਾਹਿਬ ਦੇ ਲਾਂਘੇ ਉਤੇ ਕਿਸਾਨਾਂ ਵੱਲੋਂ ਧਰਨਾ



ਡੇਰਾ ਬਾਬਾ ਨਾਨਕ, 27 ਜੁਲਾਈ (ਪੋਸਟ ਬਿਊਰੋ)- ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਕਾਰੀਡੋਰ ਬਣਾਉਣ ਵਾਸਤੇ ਕਿਸਾਨਾਂ ਦੀਆਂ ਐਕੁਆਇਰ ਕੀਤੀਆਂ ਜ਼ਮੀਨਾਂ ਦੀ ਬਕਾਏ ਤੇ ਸਰਕਾਰ ਵੱਲੋਂ ਕਿਸਾਨਾਂ ਨੂੰ ਨੌਕਰੀ ਜਾਂ ਪੰਜ ਲੱਖ ਰੁਪਏ ਦੇਣ ਦਾ ਵਾਅਦਾ ਪੂਰਾ ਨਾ ਹੋਣ ਉੱਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਰਤਾਰ-ਪੁਰ ਕਾਰੀਡੋਰ ਉੱਤੇ ਪੱਕਾ ਧਰਨਾ ਲਾਇਆ ਗਿਆ ਹੈ। ਇਸ ਮੌਕੇ ਕਿਸਾਨਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਖਿਲਾਫ ਨਾਅਰੇਬਾਜ਼ੀ ਕੀਤੀ। ਕਿਸਾਨ ਆਗੂ ਮੁਖਤਾਰ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਕਰਤਾਰਪੁਰ ਕਾਰੀਡੋਰ ਬਣਾਉਣ ਵੇਲੇਇਸ ਕਾਰੀਡੋਰ ਉੱਤੇ ਪੈਸੰਜਰ ਟਰਮੀਨਲ ਲਈ ਸੈਂਕੜੇ ਕਿਸਾਨਾਂ ਦੀ 108 ਕਿੱਲੇ ਜ਼ਮੀਨ ਪਿੰਡ ਪੱਖੋਕੇ, ਟਾਹਲੀ ਸਾਹਿਬ, ਮਾਨ, ਜੌੜੀਆਂ, ਡੇਰਾ ਬਾਬਾ ਨਾਨਕ ਵਿਖੇ ਐਕੁਆਇਰ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਕਾਰੀਡੋਰ ਬਣਨ ਪਿੱਛੋਂ ਅਜੇ ਤਕ ਸਰਕਾਰ ਨੇ ਜ਼ਮੀਨਾਂ ਦੀ ਬਕਾਇਆ ਰਾਸ਼ੀ ਤੇ ਉਨ੍ਹਾਂ ਨੂੰ ਨੌਕਰੀ ਜਾਂ ਪੰਜ ਲੱਖ ਰੁਪਏ ਰਾਸ਼ੀ ਨਹੀਂ ਦਿੱਤੀ। ਕਿਸਾਨ ਆਗੂਆਂ ਨੇ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਅਤੇ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਕਿਸਾਨਾਂ ਦੀ ਜ਼ਮੀਨ ਐਕੁਆਇਰ ਕਰਨ ਪਿੱਛੋਂ ਉਨ੍ਹਾਂ ਨੂੰ ਬਕਾਇਆ ਰਾਸ਼ੀ ਦੇਣ ਤੋਂ ਇਲਾਵਾ ਡੇਰਿਆਂ ਨੂੰ ਜਾਂਦੇ ਰਾਹਾਂ, ਦਰੱਖਤਾਂ, ਟਿਊਬਵੈਲ ਦੇ ਕਮਰਿਆਂ ਆਦਿ ਦੀ ਬਕਾਇਆ ਅਦਾਇਗੀ ਨਹੀਂ ਦਿੱਤੀ। ਕਿਸਾਨਾਂ ਨੇ ਕਿਹਾ ਕਿ ਜਦੋਂ ਤਕ ਉਕਤ ਪਿੰਡਾਂ ਦੇ ਕਿਸਾਨਾਂ ਦੀ ਬਕਾਇਆ ਰਾਸ਼ੀ ਨਾ ਮਿਲੀ, ਸੰਘਰਸ਼ ਜਾਰੀ ਰਹੇਗਾ। ਕਿਸਾਨਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਇਸ ਧਰਨੇ ਵਿੱਚ ਤਹਿਸੀਲਦਾਰ ਨਵਕੀਰਤ ਸਿੰਘ ਰੰਧਾਵਾ ਵੀ ਪੁੱਜੇ ਅਤੇ ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕੀਤੀ, ਪਰ ਕਿਸਾਨਾਂ ਦਾ ਕਹਿਣਾ ਹੈ ਕਿ ਜਦੋਂ ਤਕ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਨਹੀਂ ਹੁੰਦੀਆਂ, ਉਸ ਸਮੇਂ ਤਕ ਕਾਰੀਡੋਰ ਉੱਤੇ ਧਰਨਾ ਜਾਰੀ ਰਹੇਗਾ। ਇਸ ਮੌਕੇ ਕਿਸਾਨਾਂ ਵੱਲੋਂ ਕਾਰੀਡੋਰ ਉੱਤੇ ਲੰਗਰ ਵੀ ਲਾ ਦਿੱਤੇ ਗਏ ਹਨ।

# ਪੰਥਕ ਤਾਲਮੇਲ ਸੰਗਠਨ ਨੇ ਅਕਾਲ ਤਖਤ ਵਿਖੇ ਬੈਠਕ ਉੱਤੇ ਸਵਾਲ ਉਠਾਏ

*** ਡੇਰਾ ਮੁਖੀ ਨੂੰ ਦਿੱਤੀ ਮੁਆਫੀ ਦੇ ਤੱਥ ਲੁਕਾਉਣਦਾ ਦੋਸ਼**

ਅੰਮ੍ਰਿਤਸਰ, 27 ਜੁਲਾਈ (ਪੋਸਟ ਬਿਊਰੋ)- 'ਪੰਥਕ ਤਾਲਮੇਲ ਸੰਗਠਨ' ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸੱਦੀ ਬੈਠਕ ਉੱਤੇ ਪ੍ਰਤੀਕਰਮ ਦਿੱਤਾ ਹੈ। ਸੰਗਠਨ ਮੁਤਾਬਕ ਬੈਠਕ ਤੋਂ ਪਹਿਲਾਂ ਕੀਤੀ ਕਾਨਫਰੰਸ ਤੋਂ ਜ਼ਾਹਰ ਹੋ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਦੇ ਉੱਤੇ ਸਿਆਸਤ ਨਾ ਕਰਨ ਦਾ ਹੁਕਮ ਕੀਤਾ ਜਾਵੇਗਾ, ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ, ਪਰ ਸੱਚ ਸਾਹਮਣੇ ਲਿਆਉਣ ਦੀ ਲੋੜ ਹੈ।

ਇਸ ਬਾਰੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖਤ ਦਮਦਮਾ ਸਾਹਿਬ, ਕੋ-ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥਕ ਅਸੈਂਬਲੀ ਦੇ ਆਗੂ ਸੁਖਦੇਵ ਸਿੰਘ ਭੌਰ ਸਾਬਕਾ ਜਨਰਲ ਸਕੱਤਰ ਸ਼੍ਰੋਮਣੀ ਕਮੇਟੀ ਅਤੇ ਨਵਕਿਰਨ ਸਿੰਘ ਐਡਵੋਕੇਟ ਨੇ ਸਵਾਲ ਕੀਤਾ ਕਿ ਕੀ ਗਿਆਨੀ ਗੁਰਮੁਖ ਸਿੰਘ ਨੂੰ ਸੱਚ ਸਾਹਮਣੇ ਲਿਆਉਣ ਤੋਂ ਰੋਕਣ ਲਈ ਅਕਾਲ ਤਖਤ ਸਾਹਿਬ ਦਾ ਮੁੱਖ ਗ੍ਰੰਥੀ ਨਹੀਂ ਥਾਪਿਆ ਗਿਆ? ਕੀ ਉਸ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਉੱਤੇਦੋਸ਼ ਨਹੀਂ ਲਾਏ ਸਨ ਕਿ ਸਿਰਸਾ ਡੇਰਾ ਵਾਲੇ ਰਾਮ ਰਹੀਮ ਸਿੰਘ ਨੂੰ ਮੁਆਫ ਕਰਨ ਲਈ ਅਕਾਲ ਤਖਤ ਦੀ ਦੁਰਵਰਤੋਂ ਕੀਤੀ ਗਈ ਸੀ? ਗਿਆਨੀ ਇਕਬਾਲ ਸਿੰਘ ਸਾਬਕਾ ਜਥੇਦਾਰ ਸ੍ਰੀ ਪਟਨਾ ਸਾਹਿਬ ਨੇ ਖੁਲਾਸਾ ਕੀਤਾ ਸੀ ਕਿ ਡੇਰਾ ਮੁਖੀ ਵਾਸਤੇ ਮੁਆਫੀ ਦਾ ਲਫਜ਼ ਉਸ ਚਿੱਠੀ ਵਿੱਚ ਸ੍ਰੀ ਅਕਾਲ ਤਖਤਦੇ ਕੰਪਿਊਟਰ ਉੱਤੇ ਬੈਠ ਕੇ ਪਾਇਆ ਗਿਆ ਸੀ, ਇਸ ਨੂੰ ਕੌਣ ਤਸਦੀਕ ਕਰੇਗਾ? ਤਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ-ਗਿਣਤੀ ਕਮਿਸ਼ਨ ਨੇ ਕੁੰਵਰ ਵਿਜੈ ਪ੍ਰਤਾਪ ਵਾਲੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੂੰ ਬਿਆਨ ਦਿੱਤਾ ਸੀ ਕਿ ਮੁਆਫੀ ਦੀ ਚਿੱਠੀ ਉਸ ਨੇ ਲਿਖੀ ਸੀ ਤੇ ਸੁਖਬੀਰ ਸਿੰਘ ਦੇ ਕਹਿਣ ਉੱਤੇ ਸਵਾਮੀ ਅਗਨੀਵੇਸ਼ ਰਾਹੀਂ ਗੁਰਮੀਤ ਰਾਮ ਰਹੀਮ ਕੋਲ ਭੇਜੀ ਸੀ, ਇਹ ਤੱਥ ਕਿਉਂ ਲੁਕਾਏ ਹੋਏ ਹਨ?

# ਬਸਪਾ ਵੱਲੋਂ ਗੱਠਜੋੜ ਦੇ ਬਾਵਜੂਦ ਅਕਾਲੀ ਨੇਤਾ ਦਲਬਦਲੀ ਕਰ ਕੇ ਬਸਪਾ'ਚ ਸ਼ਾਮਲ

ਜਲੰਧਰ, 27 ਜੁਲਾਈ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸਿਆਸਤ ਨਾਲ ਸੂਬੇ ਦੀ ਰਾਜਨੀਤੀ ਵਿੱਚ ਨਵਾਂ ਮੋੜ ਆ ਗਿਆ ਹੈ। ਬਸਪਾ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਟਾਂਡੇਵਿੱਚੋਂ ਅਕਾਲੀ ਨੇਤਾ ਲਖਵਿੰਦਰ ਸਿੰਘ ਲੱਖੀ ਨੂੰ ਨਾ ਸਿਰਫ ਬਸਪਾ ਵਿੱਚ ਸ਼ਾਮਲ ਕਰਵਾਇਆ, ਸਗੋਂ ਉਨ੍ਹਾਂ ਨੂੰ ਟਾਂਡਾ ਹਲਕੇ ਦਾ ਇੰਚਾਰਜ ਵੀ ਐਲਾਨ ਕਰ ਦਿੱਤਾ ਹੈ। ਅਕਾਲੀ ਨੇਤਾ ਦੇ ਬਸਪਾ ਵਿੱਚ ਸ਼ਾਮਲ ਹੋਣ ਕਾਰਨ ਚਰਚਾ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ। ਜੇ ਭਵਿੱਖ ਵਿੱਚ ਵੀ ਅਜਿਹੀ ਸਿਆਸਤ ਜਾਰੀ ਰਹੀ ਤਾਂ ਕਈ ਜਗ੍ਹਾ ਨਵੇਂ ਸਮੀਕਰਣ ਉਭਰ ਸਕਦੇ ਹਨ।

ਦੂਸਰੇ ਪਾਸੇ ਬਸਪਾ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਵਿਰੋਧੀ ਕਾਂਗਰਸ ਨੂੰ ਹਰਾਉਣ ਦੇ ਲਈ ਪਾਰਟੀ ਨੂੰ ਮਜ਼ਬੂਤ ਬਣਾਇਆ ਜਾ ਰਿਹਾ ਹੈ ਅਤੇ ਬਸਪਾ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਸੰਗਤ ਸਿੰਘ ਗਿਲਜੀਆਂ ਨੂੰ ਹਰਾਏਗੀ। ਉਨ੍ਹਾਂ ਦੇ ਖਿਲਾਫ ਸਭ ਤੋਂ ਤਾਕਤਵਰ ਉਮੀਦਵਾਰ ਨੂੰ ਮੈਦਾਨ ਵਿੱਚ ਉਤਾਰਿਆ ਜਾਏਗਾ। ਉਨ੍ਹਾਂ ਨੇ ਕਿਹਾ ਕਿ ਜੋ ਪਾਰਟੀ ਨੂੰ ਸੀਟ ਜਿਤਾ ਸਕਦਾ ਹੈ, ਸਿਰਫ ਉਸੇ ਨੂੰ ਟਿਕਟ ਦਿੱਤੀ ਜਾਏਗੀ। ਉਨ੍ਹਾ ਕਿਹਾ ਕਿ ਲਖਵਿੰਦਰ ਸਿੰਘ ਲੱਖੀ ਨੂੰ ਟਾਂਡਾ ਹਲਕੇ ਤੋਂ ਉਮੀਦਵਾਰ ਐਲਾਨ ਕੀਤਾ ਜਾਂਦਾ ਹੈ। ਪੰਜਾਬ-ਹਰਿਆਣਾ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਲਖਵਿੰਦਰ ਸਿੰਘ ਲੱਖੀ ਦਾ ਬਸਪਾ ਵਿੱਚ ਸ਼ਾਮਲ ਹੋਣ ਉੱਤੇ ਸਵਾਗਤ ਕੀਤਾ।

# ਟੋਭੇ ਵਿੱਚ ਡੁੱਬਣ ਕਾਰਨ ਦੋ ਬੱਚਿਆਂ ਦੀ ਮੌਤ



ਰਾਜਪੁਰਾ, 27 ਜੁਲਾਈ (ਪੋਸਟ ਬਿਊਰੋ)- ਨੇੜਲੇ ਪਿੰਡ ਉਕਸੀ ਜੱਟਾਂ ਵਿਖੇ ਚਾਰ ਭੈਣਾਂ ਦੇ ਇਕਲੌਤੇ ਭਰਾ ਸਣੇ ਦੋ ਮਸੂਮ ਬੱਚਿਆਂ ਦੀ ਪਿੰਡ ਦੇ ਟੋਭੇ ਨੁਮਾ ਜਗ੍ਹਾ ਵਿੱਚ ਡੁੱਬਣ ਨਾਲ ਮੌਤ ਹੋ ਗਈ ਹੈ।

ਬੱਚਿਆਂ ਦੇ ਪਿਤਾ ਜਸਵੀਰ ਸਿੰਘ ਤੇ ਤਰਸੇਮ ਲਾਲ ਨੇ ਦੱਸਿਆ ਕਿ ਉਨ੍ਹਾਂ ਦੇ ਬੱਚੇ ਗੁਰਦਾਸ (15) ਅਤੇ ਸਾਹਿਲ (10) ਅਤੇ ਹੋਰ ਬੱਚੇ ਟੋਭੇ ਵਿੱਚ ਨਹਾਉਣ ਗਏ ਸੀ। ਜਦੋਂ ਉਹ ਪਾਣੀ ਵਿੱਚ ਵੜੇ ਤਾਂ ਦੋ ਬੱਚੇ ਅਚਾਨਕ ਪਾਣੀ ਵਿੱਚ ਡੁੱਬ ਗਏ। ਉਨ੍ਹਾਂ ਨੂੰ ਬਚਾਉਣ ਲਈ ਗੁਰਦਾਸ ਪਾਣੀ ਵਿੱਚ ਵੜ ਗਿਆ ਅਤੇ ਦੋਵਾਂ ਵਿੱਚੋਂ ਇੱਕ ਬੱਚੇ ਨੂੰ ਬਚਾ ਲਿਆ ਪਰ ਜਦ ਉਹ ਦੂਜੇ ਬੱਚੇ ਨੂੰ ਬਚਾਉਣ ਲਈ ਫਿਰ ਪਾਣੀ ਵਿੱਚ ਵੜਿਆ ਤਾਂ ਉਹ ਆਪ ਵੀ ਡੁੱਬ ਗਿਆ। ਇਸ ਤੋਂ ਬਾਅਦ ਟੋਭੇ ਦੇ ਬਾਹਰ ਖੜੇ ਦੂਜੇ ਬੱਚਿਆਂ ਨੇ ਪਿੰਡਆ ਕੇ ਰੌਲਾ ਪਾਇਆ ਤਾਂਪਿੰਡ ਵਾਸੀ ਟੋਭੇ ਕੋਲ ਗਏ ਅਤੇ ਬੱਚਿਆਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਪਰ ਪਾਣੀ ਵੱਧ ਡੂੰਘਾ ਹੋਣ ਕਾਰਨ ਬੱਚਿਆਂ ਦਾ ਪਤਾ ਨਾ ਲੱਗਾ। ਪਿੰਡ ਵਾਸੀਆਂ ਨੇ ਪੁਲਸ ਨੂੰ ਦੱਸਿਆ ਅਤੇ ਪੁਲਸ ਨੇ ਮੌਕੇ ਤੇ ਜਾ ਕੇ ਗੋਤਾਖੋਰ ਬੁਲਾਏ ਤੇ ਉਨ੍ਹਾਂ ਨੇ ਬੱਚਿਆਂ ਨੂੰ ਪਾਣੀ ਵਿੱਚੋਂ ਬਾਹਰ ਕੱਢਿਆ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU
You only pay upon settlement
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

## ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।

ਸੰਪਰਕ ਕਰੋ:

**416556 6884**

## ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

**ਸੰਪਰਕ: 416-816-1695**

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਇਸਰੋ ਜਾਸੂਸੀ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਸੀ ਬੀ ਆਈ ਨੂੰ ਦੋਸ਼ੀ ਪੁਲਸ ਅਫਸਰਾਂ ਵਿਰੁੱਧ ਜਾਂਚ ਦਾ ਹੁਕਮ




ਨਵੀਂ ਦਿੱਲੀ, 27 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਭਾਰਤੀ ਸਪੇਸ ਰਿਸਰਚ ਸੰਸਥਾ (ਇਸਰੋ) ਦੇ ਵਿਗਿਆਨੀ ਨੰਬੀ ਨਾਰਾਇਣਨ ਨਾਲ ਜੁੜੇ 1994 ਦੇ ਜਾਸੂਸੀ ਕੇਸ ਦੇ ਦੋਸ਼ੀ ਪੁਲਸ ਅਧਿਕਾਰੀਆਂ ਦੀ ਭੂਮਿਕਾ ਬਾਰੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਡੀ ਕੇ ਜੈਨ ਦੀ ਅਗਵਾਈ ਵਾਲੀ ਕਮੇਟੀ ਦੀ ਰਿਪੋਰਟ ਕਿਸੇ ਮੁਕੱਦਮੇ ਦਾ ਆਧਾਰ ਨਹੀਂ ਬਣਦੀ ਅਤੇ ਸੀ ਬੀ ਆਈ ਨੂੰ ਦਰਜ ਕੇਸ ਦੀ ਜਾਂਚ ਕਰਕੇ ਸਬੂਤ ਲੱਭਣੇ ਪੈਣਗੇ।

ਨੰਬੀ ਨਾਰਾਇਣਨ (79) ਨੂੰ ਸੁਪਰੀਮ ਕੋਰਟ ਨੇ ਨਾ ਸਿਰਫ਼ ਬਰੀ ਕਰ ਦਿੱਤਾ ਸੀ, ਸਗੋਂ ਉਨ੍ਹਾਂ ਨੂੰ 50 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਵੀ ਨਿਰਦੇਸ਼ ਦਿੱਤਾ ਸੀ। ਜਸਟਿਸ ਏ ਐਮ ਖਾਨਵਿਲਕਰ ਅਤੇ ਜਸਟਿਸ ਸੰਜੀਵ ਖੰਨਾ ਦੀ ਬੈਂਚ ਨੇ ਕਿਹਾ ਕਿ ਸਿਰਫ਼ ਰਿਪੋਰਟ ਦੇ ਆਧਾਰ ਉੱਤੇ ਸੀ ਬੀ ਆਈ ਤੁਹਾਡੇ (ਦੋਸ਼ੀ) ਵਿਰੁੱਧ ਨਹੀਂ ਜਾ ਸਕਦੀ, ਉਸ ਨੂੰ ਜਾਂਚ ਕਰਨੀ ਪਵੇਗੀ, ਸਬੂਤ ਇਕੱਠੇ ਕਰਨੇ ਪੈਣਗੇ ਤੇ ਜਾਂਚ ਹੀ ਕਰਨੀ ਪਵੇਗੀ। ਰਿਪੋਰਟ ਦੋਸ਼ ਲਾਉਣ ਦਾ ਆਧਾਰ ਨਹੀਂ ਹੋ ਸਕਦੀ। ਬੈਂਚ ਨੇ ਸੁਣਵਾਈ ਦੌਰਾਨ ਇਹ ਨਿਰਦੇਸ਼ ਓਦੋਂ ਦਿੱਤਾ ਜਦ ਇੱਕ ਦੋਸ਼ੀ ਦੇ ਵਕੀਲ ਨੇ ਕਿਹਾ ਕਿ ਇਹ ਰਿਪੋਰਟ ਉਨ੍ਹਾਂ ਨਾਲ ਵੀ ਸਾਂਝੀ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਸੀ ਬੀ ਆਈ ਨੂੰ ਇਸ ਉੱਤੇ ਬੇਹੱਦ ਯਕੀਨ ਹੈ। ਬੈਂਚ ਨੇ ਕਿਹਾ ਕਿ ਰਿਪੋਰਟ ਨਾਲ ਕੁਝ ਨਹੀਂ ਹੋਵੇਗਾ, ਇਹ ਰਿਪੋਰਟ ਸਿਰਫ਼ ਸ਼ੁਰੂਆਤੀ ਜਾਣਕਾਰੀ ਹੈ। ਆਖਿਰਕਾਰ ਸੀ ਬੀ ਆਈ ਜਾਂਚ ਕਰੇਗੀ, ਜਿਸ ਦੇ ਨਤੀਜੇ ਸਾਹਮਣੇ ਆਉਣਗੇ।

ਇਹ ਮਾਮਲਾ ਅਕਤੂਬਰ 1994 ਵਿੱਚਉੱਭਰਿਆ ਅਤੇ ਦਾਅਵਾ ਕੀਤਾ ਗਿਆ ਸੀ ਕਿ ਮਾਲਦੀਵ ਦੀ ਇੱਕ ਔਰਤ ਰਸ਼ੀਦਾ ਨੂੰ ਤਿਰੁ-ਵਨੰਤਪੁਰਮ ਵਿੱਚ ਇਸਰੋ ਰਾਕੇਟ ਇੰਜਣ ਦਾ ਗੁਪਤ ਗ੍ਰਾਫ ਲੈਂਦੇ ਗ੍ਰਿਫ਼ਤਾਰ ਕੀਤਾ ਗਿਆ ਸੀ। ਰਸ਼ੀਦਾ ਨੇ ਇਹ ਗ੍ਰਾਫਿਕ ਪਾਕਿ-ਸਤਾਨ ਨੂੰ ਵੇਚਣਾ ਸੀ। ਇਸ ਕੇਸ ਵਿੱਚ ਇਸਰੋ ਦੇ ਕ੍ਰਾਇਓਜੈਨਿਕ ਇੰਜਣ ਪ੍ਰੋਜੈਕਟ ਦੇ ਤਤਕਾਲੀ ਡਾਇਰੈਕਟਰ ਨਾਰਾਇਣਨ ਨੂੰ ਇਸਰੋ ਦੇ ਡਿਪਟੀ ਡਾਇਰੈਕਟਰ ਡੀ ਸ਼ਸ਼ੀਕੁਮਾਰਨ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਕੇਸ ਵਿੱਚ ਰਸ਼ੀਦਾ ਦੀ ਮਾਲਦੀਵ ਦੀ ਦੋਸਤ ਫੌਜੀਆ ਹਸਨ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ।

# ਭਾਰਤ ਵਿੱਚ ਇੱਕ ਦਹਾਕੇ ਤੋਂ ਮੈਗਲੇਵ ਪ੍ਰੋਜੈਕਟ ਦੀ ਤਿਆਰੀ ਸ਼ੁਰੂ



ਨਵੀਂ ਦਿੱਲੀ, 27 ਜੁਲਾਈ (ਪੋਸਟ ਬਿਊਰੋ)- ਕੀ ਤੁਸੀਂ ਕਦੀ 1400 ਕਿਲੋਮੀਟਰ ਤੋਂ ਵੱਧ ਦੀ ਦੂਰੀ ਕੇਵਲ ਤਿੰਨ ਘੰਟੇ ਵਿੱਚ ਕਰਨ ਦੀ ਕਲਪਨਾ ਕੀਤੀ ਸੀ? ਚੀਨ ਨੇ 600 ਕਿਲੋਮੀਟਰ/ਘੰਟਾ ਚਾਲ ਨਾਲ ਦੁਨੀਆ ਦੀ ਸਭ ਤੋਂ ਤੇਜ਼ ਮੈਗਲੇਵ ਟਰੇਨ ਸ਼ੁਰੂ ਕਰਕੇ ਇਸ ਨੂੰ ਸੰਭਵ ਬਣਾ ਦਿੱਤਾ ਹੈ। ਕੱਲ੍ਹ ਦੁਨੀਆ ਦੀ ਇਸ ਸਭਤੋਂ ਤੇਜ਼ ਟਰੇਨ ਦਾ ਟਰਾਇਲ ਕੀਤਾ ਗਿਆ। ਇਸਦੀ ਰਿਕਾਰਡ ਬ੍ਰੇਕਿੰਗ ਰਫਤਾਰ ਦਾ ਮਤਲਬ ਹੈ ਕਿ ਇਹ ਪੇਈਚਿੰਗ ਅਤੇ ਸ਼ਿੰਘਾਈ ਵਿੱਚ ਕੇਵਲ ਢਾਈ ਘੰਟੇ ਵਿੱਚ 1000 ਕਿਲੋਮੀਟਰ ਦੂਰੀ ਤਹਿ ਕਰ ਸਕਦੀ ਹੈ। ਇਸ ਯਾਤਰਾ ਵਿੱਚ ਆਮਤੌਰ ਉੱਤੇ ਹਵਾਈ ਜਹਾਜ਼ਰਾਹੀਂ ਤਿੰਨ ਘੰਟੇ ਅਤੇ ਹਾਈ ਸਪੀਡ ਰੇਲ ਵਿੱਚ ਸਾਢੇ ਪੰਜ ਘੰਟੇ ਲੱਗਦੇ ਹਨ। ਚੀਨ ਨੇ ਇਸ ਕਲਪਨਾ ਨੂੰ ਸਾਕਾਰ ਕਰਨ ਵਿੱਚ ਕਰੀਬ ਪੰਜ ਸਾਲ ਦਾ ਸਮਾਂ ਲਾਇਆ ਹੈ। ਹਵਾ ਨਾਲ ਗੱਲਾਂ ਕਰਦੀ ਇਸ ਟਰੇਨ ਦੇ ਪ੍ਰੋਜੈਕਟ ਉੱਤੇ ਚੀਨ ਨੇ 2016 ਵਿੱਚ ਕੰਮ ਸ਼ੁਰੂ ਕੀਤਾ ਸੀ।

ਭਾਰਤ ਵਿੱਚ ਮੈਗਲੇਵ ਟਰੇਨ ਚਲਾਉਣ ਬਾਰੇ ਸਭ ਤੋਂ ਪਹਿਲਾਂ ਪ੍ਰਧਾਨਮੰਤਰੀ ਮਨਮੋਹਨ ਸਿੰਘ ਦੀ ਸਰਕਾਰ ਦੇ ਸਮੇਂ ਵਿਚਾਰ ਸ਼ੁਰੂ ਹੋਇਆ। ਉਦੋਂ ਮਮਤਾ ਬੈਨਰਜੀ ਕੇਂਦਰੀ ਰੇਲ ਮੰਤਰੀ ਸੀ ਅਤੇ ਮੈਗਲੇਵ ਟਰੇਨ ਨੂੰ ਮੁੰਬਈ ਅਤੇ ਪੁਨੇ ਵਿੱਚ ਚਲਾਉਣ ਦੀ ਯੋਜਨਾ ਸੀ। ਇੱਕ ਅਮਰੀਕੀ ਕੰਪਨੀ ਨੇ 3000 ਕਰੋੜ ਡਾਲਰ ਦੇ ਇਸ ਪ੍ਰੋਜੈਕਟ ਦੀ ਪੇਸ਼ਕਸ਼ ਕੀਤੀ ਸੀ। ਉਦੋਂ ਮਹਾਰਾਸ਼ਟਰ ਸਰਕਾਰ ਨੇ ਇਸ ਪ੍ਰੋਜੈਕਟ ਨੂੰ ਮਨਜ਼ੂਰੀ ਦੇਣ ਦੇ ਨਾਲ ਇਸ ਪ੍ਰੋਜੈਕਟ ਨੂੰ ਨਾਗਪੁਰ ਦੇ ਨਾਲ ਜੋੜੇ ਜਾਣ ਦਾ ਪ੍ਰਸਤਾਵ ਵੀ ਰੱਖਿਆ ਸੀ। ਭਾਰਤ ਵਿੱਚ ਮੈਗਲੇਵ ਟਰੇਨ ਕਦੋਂ ਦੌੜੇਗੀ, ਇਸ ਬਾਰੇ ਅਜੇ ਕੁਝ ਕਿਹਾ ਨਹੀਂ ਜਾ ਸਕਦਾ। ਭਾਰਤੀ ਰੇਲਵੇ ਨੇ ਮੈਗਲੇਵ ਟਰੇਨ ਲਈ 2016 ਵਿੱਚ ਗਲੋਬਲ ਟੈਂਡਰ ਲਾਏ ਸਨ ਅਤੇ ਤਿੰਨ ਵਿਦੇਸ਼ੀ ਕੰਪਨੀਆਂ ਨੇ ਦਿਲਚਸਪੀ ਦਿਖਾਈ ਸੀ। ਇਨ੍ਹਾਂ ਵਿੱਚ ਦੋ ਅਮਰੀਕੀ ਤੇ ਇੱਕ ਜਾਪਾਨੀ ਕੰਪਨੀ ਸੀ। ਇਸ ਤਰ੍ਹਾਂ ਬੀਤੇ ਸਾਲ ਸਰਕਾਰੀ ਇੰਜੀਨਿਅਰਿੰਗ ਕੰਪਨੀ ਬੀ ਐਚ ਈ ਐਲ ਨੇ ਇਸ ਟਰੇਨ ਨੂੰ ਭਾਰਤ ਲਿਆਉਣ ਲਈ ਸਵਿਟਜਰਲੈਂਡ ਦੀ ਕੰਪਨੀ ਸਵਿਸ ਰੈਪਿਡ ਏ ਜੀ ਦੇ ਨਾਲ ਸਮਝੌਤਾ ਕੀਤਾ ਹੈ। ਕੰਪਨੀ ਨੂੰ ਮੈਗਲੇਵ ਰੇਲ ਪਰਿਯੋਜਨਾਵਾਂ ਵਿੱਚ ਖਾਸੀ ਮੁਹਾਰਤ ਹਾਸਲ ਹੈ। ਚੇਤੇ ਰਹੇ ਕਿ ਬੀ ਐਚ ਈ ਐਲ ਪਿੱਛਲੇ ਪੰਜ ਦਹਾਕਿਆਂ ਤੋਂ ਰੇਲਵੇ ਦੇ ਵਿਕਾਸ ਵਿੱਚ ਸਾਂਝੀਦਾਰ ਹੈ।

## ਬਰਾਜ਼ੀਲ ਦੇ ਲੋਕ ਰੋਜ਼ ਮੋਬਾਈਲ ਉੱਤੇ 5.4 ਘੰਟੇ ਤੋਂ ਵੱਧ ਰਹਿੰਦੇ ਨੇ

ਨਵੀਂ ਦਿੱਲੀ, 27 ਜੁਲਾਈ (ਪੋਸਟ ਬਿਊਰੋ)- ਮੋਬਾਈਲ ਅਤੇ ਇੰਟਰਨੈਟ ਅੱਜ ਲੋਕਾਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਗਿਆ ਹੈ। ਹਰ ਕੋਈ ਅੱਜ ਸਮਾਰਟਫੋਨ ਅਤੇ ਇੰਟਰਨੈਟ ਦੀ ਚਾਹਤ ਰੱਖਦਾ ਹੈ ਤੇ ਅਜਿਹਾ ਹੋਣਾ ਲਾਜ਼ਮੀ ਹੈ, ਕਿਉਂਕਿ ਸਾਰੇ ਕੰਮ ਅੱਜਕੱਲ੍ਹ ਆਨਲਾਈਨ ਹੋ ਰਹੇ ਹਨ। ਮੋਬਾਈਲ ਰੀਚਾਰਜ ਹੋਵੇ, ਪੈਸੇ ਟਰਾਂਸਫਰ ਕਰਨੇ ਹੋਣ, ਟਿਕਟ ਬੁਕ ਕਰਨੀ ਹੋਵੇ ਜਾਂ ਫਿਰ ਗੈਸ ਸਿਲੰਡਰ ਦੀ ਬੁਕਿੰਗ ਕਿਉਂ ਨਾ ਕਰਨਾ ਹੋਵੇ, ਸਾਰੇ ਕੰਮ ਸਮਾਰਟਫੋਨ ਤੋਂ ਆਸਾਨੀ ਨਾਲ ਹੋ ਰਹੇ ਹਨ। ਇਨ੍ਹਾਂ ਸਹੂਲਤਾਂ ਕਾਰਨ ਲੋਕਾਂ ਦੇ ਸਮਾਰਟਫੋਨ ਉੱਤੇ ਸਮਾਂ ਵੱਧ ਲੱਗਦਾ ਹੈ।

ਇਕ ਨਵੀਂ ਰਿਪੋਰਟ ਮੁਤਾਬਕ ਸਭ ਤੋਂ ਜ਼ਿਆਦਾ ਮੋਬਾਈਲ ਵਰਤਣ ਵਿੱਚ ਭਾਰਤੀ ਪੂਰੀ ਦੁਨੀਆ ਵਿੱਚ ਤੀਸਰੇ ਨੰਬਰ ਉੱਤੇ ਹਨ।ਜੈਡਡੀਨੈਟ ਦੀ ਰਿਪੋਰਟ ਮੁਤਾਬਕ ਮੋਬਾਈਲ ਵਰਤਣ ਵਿੱਚ ਬਰਾਜ਼ੀਲ ਦੇ ਲੋਕ ਨੰਬਰ-1 ਉੱਤੇ ਹਨ। ਬਰਾਜ਼ੀਲ ਦੇ ਲੋਕ ਰੋਜ਼ ਔਸਤਨ 5 ਘੰਟੇ ਚਾਰ ਮਿੰਟ ਮੋਬਾਈਲ ਵਰਤਦੇ ਹਨ। ਦੂਸਰੇ ਨੰਬਰ ਉੱਤੇ ਇੰਡੋਨੇਸ਼ੀਆ ਦੇ ਲੋਕ ਹਨ, ਜਿਹੜੇ ਰੋਜ਼ ਔਸਤਨ ਪੰਜ ਘੰਟੇ ਤਿੰਨ ਮਿੰਟ ਮੋਬਾਈਲ ਉੱਤੇ ਗੁਜ਼ਾਰਦੇ ਹਨ। ਸਰਵੇ ਦੀ ਇਸ ਲਿਸਟ ਵਿੱਚ ਭਾਰਤ ਦਾ ਨਾਂਅ ਤੀਸਰੇ ਨੰਬਰ ਉੱਤੇ ਹੈ। ਭਾਰਤੀ ਹਰ ਰੋਜ਼ ਔਸਤਨ-4 ਘੰਟੇ ਨੌਂ ਮਿੰਟ ਮੋਬਾਈਲ ਵਰਤਦੇ ਹਨ।

ਰਿਪੋਰਟ ਵਿੱਚ ਦੁਨੀਆ ਦੇ 10 ਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ। ਭਾਰਤ ਦੇ ਬਾਅਦ ਸਭ ਤੋਂ ਜ਼ਿਆਦਾ ਮੋਬਾਈਲ ਵਰਤਣ ਵਿੱਚ ਚੌਥੇ ਨੰਬਰ ਉੱਤੇ ਸਾਊਥ ਕੋਰੀਆ ਹੈ। ਇਥੋਂ ਦੇ ਲੋਕ ਰੋਜ਼ ਚਾਰ ਘੰਟੇ ਅੱਠ ਮਿੰਟ ਮੋਬਾਈਲ ਵਰਤਦੇ ਹਨ। ਪੰਜਵੇਂ ਨੰਬਰ ਉੱਤੇ ਮੈਕਸੀਕੋ ਦੇ ਲੋਕ ਔਸਤਨ ਚਾਰ ਘੰਟੇ ਸੱਤ ਮਿੰਟ ਦੇ ਨਾਲ ਹਨ। ਤੁਰਕੀ ਦੇ ਲੋਕ ਰੋਜ਼ ਚਾਰ ਘੰਟੇ ਪੰਜ ਮਿੰਟ ਮੋਬਾਈਲ ਵਰਤਦੇ ਹਨ। ਤੁਰਕੀ ਦਾ ਨਾਂਅ ਛੇਵੇਂ ਨੰਬਰ ਉੱਤੇ ਹੈ, ਇਸੇ ਤਰ੍ਹਾਂ ਚਾਰ ਘੰਟੇ ਚਾਰ ਮਿੰਟ ਨਾਲ ਜਾਪਾਨ ਸੱਤਵੇਂ, ਕੈਨੇਡਾ ਚਾਰ ਘੰਟੇ ਇੱਕ ਮਿੰਟ ਦੇ ਨਾਲ ਅੱਠਵੇਂ ਸਥਾਨ, ਅਮਰੀਕਾ ਤਿੰਨ ਘੰਟੇ ਨੌਂ ਮਿੰਟ ਦੇ ਨਾਲ 9ਵੇਂ ਅਤੇ ਬ੍ਰਿਟੇਨ ਤਿੰਨ ਘੰਟੇ ਅੱਠ ਮਿੰਟ ਦੇ ਨਾਲ 10ਵੇਂ ਸਥਾਨ ਉੱਤੇ ਹੈ।

# ਹਥਿਆਰਬੰਦ ਫੌਜਾਂ ਵਿੱਚ ਅਫ਼ਸਰਾਂ ਦੇ 10 ਹਜ਼ਾਰ ਤੇ ਜਵਾਨਾਂ ਦੇ ਲੱਖ ਤੋਂ ਵੱਧ ਅਹੁਦੇ ਖਾਲੀ



ਨਵੀਂ ਦਿੱਲੀ, 27 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਜ਼ਮੀਨੀ ਫੌਜ, ਹਵਾਈ ਫੌਜ, ਸਮੁੰਦਰੀ ਫੌਜ ਤੇ ਫੌਜੀ ਮੈਡੀਕਲ ਸੇਵਾ ਵਿੱਚ ਅਧਿਕਾਰੀਆਂ ਦੇ ਲੱਗਭਗ 10 ਹਜ਼ਾਰ ਅਤੇ ਜਵਾਨਾਂ ਦੇ ਇੱਕ ਲੱਖ ਤੋਂ ਵੱਧ ਅਹੁਦੇ ਖਾਲੀ ਹਨ। ਰੱਖਿਆ ਰਾਜ ਮੰਤਰੀ ਅਜੇ ਭੱਟ ਨੇ ਰਾਜ ਸਭਾ ਵਿੱਚ ਇੱਕ ਲਿਖਤ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ ਹੈ।

ਅਜੇ ਭੱਟ ਨੇ ਦੱਸਿਆ ਕਿ ਜ਼ਮੀਨੀ ਫੌਜ ਵਿੱਚ ਅਫਸਰਾਂ ਦੇ 7912, ਹਵਾਈ ਫੌਜ ਵਿੱਚ 610, ਸਮੁੰਦਰੀ ਫੌਜ ਵਿੱਚ 1190 ਅਤੇ ਫੌਜੀ ਮੈਡੀਕਲ ਅਤੇ ਡੈਂਟਲ ਸੇਵਾ ਵਿੱਚ 444 ਅਹੁਦੇ ਅਤੇ ਫੌਜੀ ਨਰਸਿੰਗ ਸੇਵਾ ਵਿੱਚ 693 ਅਹੁਦੇ ਖਾਲੀ ਹਨ। ਆਰਮੀ ਵਿੱਚ ਜਵਾਨ ਅਤੇ ਜੇ ਸੀ ਓ ਦੇ 90,640, ਏਅਰਫੋਰਸ ਦੇ 7104, ਨੇਵੀ ਵਿੱਚ 11,927 ਅਤੇ ਮੈਡੀਕਲ ਸੇਵਾ ਵਿੱਚ 126 ਅਹੁਦੇ ਖਾਲੀ ਹਨ। ਸਰਕਾਰ ਹਥਿਆਰਬੰਦ ਫੌਜਾਂ ਵਿੱਚ ਅਧਿਕਾਰੀਆਂ ਅਤੇ ਜਵਾਨਾਂ ਦੀ ਕਮੀ ਨੂੰ ਪੂਰਾ ਕਰਨ ਦੇ ਉਪਾਅ ਕਰ ਰਹੀ ਹੈ। ਮੰਤਰੀ ਅਜੇ ਭੱਟ ਨੇ ਦੱਸਿਆ ਕਿ ਸਾਲ 2020 ਅਨੁਸਾਰ ਹਥਿਆਰਬੰਦ ਫੌਜਾਂ ਵਿੱਚ ਉਤਰੀ ਸੂਬਿਆਂ ਦੇ ਜਵਾਨਾਂ ਅਤੇ ਜੇ ਸੀ ਓ ਭਾਵ ਜੂਨੀਅਰ ਕਮਿਸ਼ਨ ਅਧਿਕਾਰੀਆਂ ਦੀ ਗਿਣਤੀ ਵੱਧ ਹੈ।ਉਤਰ ਪ੍ਰਦੇਸ਼ ਦੇ ਜੇ ਸੀ ਓ ਸਭ ਤੋਂ ਵੱਧ ਹਨ। ਫੌਜ ਵਿੱਚ ਹਿਮਾਚਲ ਪ੍ਰਦੇਸ਼ ਦੇ 3571, ਬਿਹਾਰ ਦੇ 3405, ਆਂਧਰਾ ਪ੍ਰਦੇਸ਼ ਦੇ 2399, ਜੰਮੂ-ਕਸ਼ਮੀਰ ਤੇ ਲੱਦਾਖ ਦੇ 2834 ਅਤੇ ਕਰਨਾਟਕ ਦੇ 2852 ਜੇ ਸੀ ਓ ਹਨ।

ਦੇਸ਼ ਦੇ ਆਮ ਨਾਗਰਿਕਾਂ ਵਾਂਗ ਹਥਿਆਰਬੰਦ ਦਸਤਿਆਂ ਦੇ ਜਵਾਨ ਵੀ ਵੱਡੀ ਗਿਣਤੀ ਵਿੱਚ ਕੋਰੋਨਾ ਵਾਇਰਸ ਤੋਂ ਪੀੜਤ ਹੋਏ ਹਨ। ਕੋਵਿਡ-19 ਬੀਮਾਰੀ ਦੇ ਕਾਰਨ ਤਿੰਨਾਂ ਫੌਜਾਂ ਦੇ 184 ਜਵਾਨਾਂ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਨਿਯਮਾਂ ਹੇਠ ਤਿੰਨਾਂ ਫ਼ੌਜਾਂ ਦੇ ਮੁਲਾਜ਼ਮਾਂ ਨੂੰ ਸੇਵਾ ਵੇਲੇ ਕੋਵਿਡ ਨਾਲ ਮੌਤ ਹੋਣ ਉੱਤੇ ਵਿਸ਼ੇਸ਼ ਮੁਆਵਜ਼ਾ ਨਹੀਂ ਦਿੱਤਾ ਜਾਂਦਾ, ਪਰ ਸੇਵਾ ਦੌਰਾਨ ਮੌਤ ਦੇ ਸਾਰੇ ਕੇਸਾਂ ਵਿੱਚ ਰਿਟਾਇਰਮੈਂਟਵਾਲੇ ਵੱਖ-ਵੱਖ ਲਾਭ ਦਿੱਤੇ ਜਾਂਦੇ ਹਨ।

# ਬੰਗਾਲ ਦੇ ਬਾਅਦ ਤਾਮਿਲ ਨਾਡੂ ਦੇ ਗਵਰਨਰ ਵੱਲੋਂ ਗੈਰ ਭਾਜਪਾਈ ਪਾਰਟੀਆਂ ਨਾਲ ਪੱਖਪਾਤ

ਚੇਨਈ, 27 ਜੁਲਾਈ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਬਾਅਦ ਤਾਮਿਲ ਨਾਡੂ ਵਿੱਚ ਗਵਰਨਰ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਸੱਤਾਧਾਰੀ ਡੀ ਐਮ ਕੇ ਪਾਰਟੀ, ਕਾਂਗਰਸ ਅਤੇ ਵੀ ਸੀ ਕੇ ਦੇ ਸਹਿਯੋਗੀਆਂ ਨੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਉੱਤੇ ਦੋਸ਼ ਲਾਇਆ ਹੈ ਕਿ ਉਹ ਸੰਘ ਪਰਵਾਰ ਦੇ ਮੈਂਬਰ ਵਜੋਂ ਕੰਮ ਕਰਦੇ ਅਤੇ ਗੈਰ ਭਾਜਪਾਈ ਪਾਰਟੀਆਂ ਦੇ ਨਾਲ ਪੱਖਪਾਤ ਕਰਦੇ ਹਨ, ਜਿਸ ਤੋਂ ਮਾਮਲਾ ਭਖ ਗਿਆ ਹੈ।

ਤਾਜ਼ਾ ਵਿਵਾਦ ਉਦੋਂ ਸ਼ੁਰੂ ਹੋਇਆ, ਜਦੋਂ ਗਵਰਨਰਦੇ ਦਫਤਰ ਨੇ ਪ੍ਰੈਸ ਨੋਟ ਜਾਰੀ ਕੀਤਾ ਅਤੇ ਇਸ ਵਿੱਚ ਸੂਬਾ ਭਾਜਪਾ ਦੇ ਪ੍ਰਧਾਨ ਨਾਲ ਉਨ੍ਹਾਂ ਦੀ ਮਿਲਣ ਦੀ ਫੋਟੋ ਵੀ ਜਾਰੀ ਕੀਤੀ ਗਈ। ਇਸ ਤੋਂ ਪਹਿਲਾਂ ਕਾਂਗਰਸ ਅਤੇ ਵੀ ਸੀ ਕੇ ਦਾ ਡੈਲੀਗੇਸ਼ਨ ਗਿਆ ਤਾਂ ਇਸ ਮੁਲਾਕ-ਾਤ ਦੌਰਾਨ ਗਵਰਨਰ ਨੇ ਫੋਟੋ ਖਿਚਵਾਉਣ ਤੋਂ ਮਨ੍ਹਾ ਕਰ ਦਿੱਤਾ ਸੀ।ਵੀ ਸੀ ਕੇ ਪਾਰਟੀ ਦੇ ਪਾਰਲੀਮੈਂਟ ਮੈਂਬਰ ਰਵੀ ਕੁਮਾਰ ਨੇ ਕਿਹਾ, “ਜਦ ਅਸੀਂ ਪਿਛਲੇ ਮਹੀਨੇ ਗਵਰਨਰ ਨੂੰ ਮਿਲੇ ਤਾਂ ਉਨ੍ਹਾਂ ਇਹ ਕਹਿ ਕੇ ਫੋਟੋ ਖਿਚਵਾਉਣ ਤੋਂ ਮਨ੍ਹਾ ਕਰ ਦਿੱਤਾ ਸੀ ਕਿ ਉਨ੍ਹਾਂ ਨੇ ਇਹ ਪਰੰਪਰਾ ਬੰਦ ਕਰ ਦਿੱਤੀ ਹੈ, ਪਰ ਭਾਜਪਾ ਮੈਂਬਰਾਂ ਦੇ ਨਾਲ ਮੁਲਾਕਾਤ ਦੀ ਫੋਟੋ ਜਾਰੀ ਕੀਤੀ ਜਾ ਰਹੀ ਹੈ, ਜੋ ਉਨ੍ਹਾਂ ਦੇ ਪੱਖਪਾਤੀ ਰੁਖਦਾ ਸਬੂਤ ਹੈ।" ਇਸੇ ਤਰ੍ਹਾਂ ਤਾਮਿਲ ਨਾਡੂ ਮਹਿਲਾ ਕਾਂਗਰਸ ਦੀ ਪ੍ਰਧਾਨ ਆਰ ਸੁਧਾ ਨੇ ਸੋਸ਼ਲ ਮੀਡੀਆ ਵਿੱਚ ਲਿਖਿਆ ਕਿ ਗਵਰਨਰ ਨੇ ਪਿਛਲੇ ਦਿਨੀਂ ਸਾਡੇ ਨਾਲ ਵੀ ਫੋਟੋ ਖਿਚਵਾਉਣ ਤੋਂ ਮਨ੍ਹਾ ਕਰ ਦਿੱਤਾ ਸੀ। ਉਨ੍ਹਾਂ ਨੂੰ ਸੰਵਿਧਾਨਕ ਅਹੁਦੇ ਦਾ ਖਿਆਲ ਰੱਖਣਾ ਚਾਹੀਦਾ ਹੈ।


# 13 ਸਾਲ ਦੀਆਂ ਬੱਚੀਆਂ ਨੇ ਓਲੰਪਿਕ ਵਿੱਚ ਸੋਨਾ ਤੇ ਚਾਂਦੀ ਜਿੱਤਿਆ



ਟੋਕੀਓ, 27 ਜੁਲਾਈ (ਪੋਸਟ ਬਿਊਰੋ)- ਸਕੇਟ-ਬੋਰਡਿੰਗ ਵਿੱਚ ਹੈਰਾਨੀਜਨਕ ਕਰਤਵ ਦਿਖਾ ਕੇ 13 ਸਾਲ ਦੀਆਂ ਦੋ ਬੱਚੀਆਂ ਨੇ ਟੋਕੀਓ ਓਲੰਪਿਕ ਵਿੱਚ ਸੋਨੇਅਤੇ ਚਾਂਦੀ ਦੇ ਤਮਗੇ ਜਿੱਤ ਲਏ ਅਤੇ ਕਾਂਸੀ ਤਮਗਾ ਜਿੱਤਣ ਵਾਲੀ 16 ਸਾਲਾ ਮੁਕਾਬਲੇਬਾਜ਼ ਸੀ, ਜਿਸ ਤੋਂ ਹਰ ਕੋਈ ਹੈਰਾਨ ਰਹਿ ਗਿਆ ਹੈ।

ਜਿਸ ਉਮਰ ਵਿੱਚ ਬੱਚੇ ਆਮ ਤੌਰ ਉੱਤੇ ਖਿਡੌਣਿਆਂ ਜਾਂ ਵੀਡੀਓ ਗੇਮਾਂ ਖੇਡਦੇ ਹਨ, ਇਨ੍ਹਾਂ ਲੜਕੀਆਂ ਨੇ ਸਖ਼ਤ ਮਿਹਨਤ ਅਤੇ ਲਗਨ ਨਾਲ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਕੇ ਪੁਰਸ਼ਾਂ ਦੇ ਇਸ ਖੇਡ ਦਬਦਬੇ ਨੂੰ ਤੋੜਿਆ। ਜਾਪਾਨ ਦੀ ਮੋਮਿਜੀ ਨਿਸ਼ਿਆ ਨੇ ਪਹਿਲਾਂ ਓਲੰਪਿਕ ਖੇਡਦੇ ਹੋਏ ਪੀਲਾ ਤਮਗਾ ਆਪਣੇ ਨਾਂ ਕੀਤਾ। ਅੱਜ ਤਕ ਪੁਰਸ਼ਾਂ ਦੇ ਦਬਦਬੇ ਵਾਲੀ ਇਸ ਖੇਡ ਵਿੱਚ ਲੜਕੀਆਂ ਦੇ ਇਸ ਯਾਦਗਾਰ ਪ੍ਰਦਰਸ਼ਨ ਨੇ ਖੇਡ ਦਾ ਭਵਿੱਖ ਉਜਵਲ ਕਰ ਦਿੱਤਾ। ਚਾਂਦੀ ਤਮਗਾ ਬ੍ਰਾਜ਼ੀਲ ਦੀ ਰੇਸਾ ਲੀਲ ਨੂੰ ਮਿਲਿਆ, ਜਿਹੜੀ 13 ਸਾਲ ਦੀ ਹੀ ਹੈ। ਉਥੇ ਕਾਂਸੀ ਤਮਗਾ ਜਾਪਾਨ ਦੀ ਫੂਨਾ ਨਾਕਾਯਾਮਾ ਨੂੰ ਮਿਲਿਆ।20 ਮੁਕਾਬਲੇਬਾਜ਼ਾਂ ਦੇ ਮਹਿਲਾ ਵਰਗ ਵਿੱਚ ਬ੍ਰਾਜ਼ੀਲ ਦੀ ਲੇਤਿਸਿਆ ਬੁਫਾਨੀ ਵੀ ਸੀ, ਜਿਸ ਦੇ ਪਿਤਾ ਨੇ ਉਸ ਨੂੰ ਖੇਡ ਤੋਂ ਰੋਕਣ ਲਈ ਉਸਦਾ ਸਕੇਟਬੋਰਡ ਦੇ ਹਿੱਸਿਆਂ ਵਿੱਚ ਤੋੜ ਦਿੱਤਾ ਸੀ। ਕੈਨੇਡਾ ਦੀ ਏਨੀ ਗੁਗਲਿਆ ਸਕੇਟਿੰਗ ਸਿੱਖ ਰਹੀ ਸੀ ਤਾਂ ਪਹਿਲੇ ਦੋ ਸਾਲ ਤਕ ਕੋਈ ਹੋਰ ਲੜਕੀ ਉਸਦੇ ਨਾਲ ਨਹੀਂ ਸੀ।

# ਵਿਜੇ ਮਾਲਿਆ ਦੀਆਂ ਜਾਇਦਾਦਾਂ ਸੰਸਾਰ ਭਰ ’ਚੋਂ ਜ਼ਬਤ ਹੋਣਗੀਆਂ



ਲੰਡਨ, 27 ਜੁਲਾਈ (ਪੋਸਟ ਬਿਊਰੋ)- ਬ੍ਰਿਟਿਸ਼ ਹਾਈ ਕੋਰਟ ਨੇ ਭਾਰਤ ਸਰਕਾਰ ਦੇ ਭਗੌੜੇ ਕਾਰੋਬਾਰੀ ਵਿਜੇ ਮਾਲਿਆ ਨੂੰ ਦੀਵਾਲੀਆ ਐਲਾਨ ਕਰ ਦਿੱਤਾ ਹੈ। ਇਸ ਦੇ ਨਾਲ ਹੀ ਭਾਰਤੀ ਬੈਂਕਾਂ ਲਈ ਦੁਨੀਆ ਭਰ ਵਿੱਚ ਫੈਲੀਆਂ ਉਸ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਦਾ ਰਸਤਾ ਆਸਾਨ ਹੋ ਗਿਆ ਹੈ।

ਵਿਜੇ ਮਾਲਿਆ ਨੇ ਬੰਦ ਹੋ ਚੁੱਕੀ ਆਪਣੀ ਕਿੰਗਫਿਸ਼ਰ ਏਅਰਲਾਈਨਸ ਲਈ ਭਾਰਤੀ ਬੈਂਕਾਂ ਤੋਂ ਨੌਂ ਹਜ਼ਾਰ ਕਰੋੜ ਰੁਪਏ ਤੋਂ ਵੱਧ ਕਰਜ਼ਾ ਲਿਆ ਸੀ ਤੇ ਜਦੋਂ ਕੰਪਨੀ ਡੁੱਬੀ ਤਾਂ ਕਰਜ਼ਾ ਚੁਕਾਏ ਬਿਨਾਂ ਲੰਡਨ ਭੱਜ ਗਿਆ। ਉਸ ਦੇ ਖਿਲਾਫ ਭਾਰਤੀ ਸਟੇਟ ਬੈਂਕ ਦੀ ਅਗਵਾਈ ਵਿੱਚ ਭਾਰਤੀ ਬੈਂਕਾਂ ਦੇ ਇੱਕ ਗਰੁੱਪ ਨੇ ਬਰਤਾਨਵੀ ਕੋਰਟ ਵਿੱਚ ਪਟੀਸ਼ਨ ਦਾਖਲ ਕੀਤੀ ਸੀ।ਭਾਰਤ ਵਿੱਚ ਮਾਲਿਆ ਦੀ ਬੈਂਕਾਂ ਨਾਲ ਧੋਖਾਧੜੀ ਤੇ ਮਨੀਲਾਂਡਰਿੰਗ ਮਾਮਲੇ ਵਿੱਚ ਭਾਲ ਹੈ। ਬਰਤਾਨੀਆ ਵਿੱਚ ਹਾਲੇ ਉਹ ਜ਼ਮਾਨਤ ਉੱਤੇ ਹੈ ਤੇ ਉਸ ਨੇ ਉਥੇ ਸ਼ਰਨ ਲੈਣ ਲਈ ਅਪੀਲ ਵੀ ਕੀਤੀ ਹੋਈ ਹੈ।

ਹਾਈ ਕੋਰਟ ਦੇ ਚਾਂਸਰੀ ਡਵੀਜ਼ਨ ਦੀ ਵਰਚੁਅਲ ਸੁਣਵਾਈ ਵੇਲੇ ਚੀਫ ਇੰਸਲਵੈਂਸੀ ਐਂਡ ਕੰਪਨੀ ਕੋਰਟ (ਆਈ ਸੀ ਸੀ) ਦੇ ਜੱਜ ਮਾਈਕਲ ਬ੍ਰਿਗਸ ਨੇ ਮਾਲਿਆ ਨੂੰ ਦੀਵਾਲੀਆ ਐਲਾਨ ਦਿੱਤਾ ਹੈ। ਜੱਜ ਨੇ ਕਿਹਾ ਕਿ ਉਨ੍ਹਾਂ ਨੇ ਇਹ ਤੈਅ ਕਰਨਾ ਹੈ ਕਿ ਕੀ ਨਿਸ਼ਚਿਤ ਸਮੇਂ ਵਿੱਚ ਪਟੀਸ਼ਨ ਨੂੰ ਕਰਜ਼ੇ ਦੇ ਪੂਰਨ ਭੁਗਤਾਨ ਦੀ ਅਸਲੀ ਸੰਭਾਵਨਾ ਹੈ। ਜੱਜ ਨੇ ਇਹ ਵੀ ਕਿਹਾ ਕਿ ਇਸ ਦੀ ਸੰਭਾਵਨਾ ਬਹੁਤ ਘੱਟ ਹੈ ਕਿ ਮਾਲਿਆ ਵੱਲੋਂ ਉਚਿਤ ਸਮੇਂ ਵਿੱਚ ਪੂਰਨ ਕਰਜ਼ੇ ਦਾ ਭੁਗਤਾਨ ਕੀਤਾ ਜਾਵੇਗਾ।ਮਾਲਿਆ ਦੇ ਵਕੀਲ ਨੇ ਹਾਈ ਕੋਰਟ ਦੇ ਫੈਸਲੇ ਖਿਲਾਫ ਅਪੀਲ ਕਰਨ ਦਾ ਸੰਕੇਤ ਦਿੱਤਾ ਹੈ।

# ਜ਼ਬਰੀ ਨਿਕਾਹ ਪਿੱਛੋਂ ਮਦਦ ਦੀ ਅਪੀਲ ਕਰਦੀ ਹਿੰਦੂ ਕੁੜੀ ਦਾ ਵੀਡੀਓ ਵਾਇਰਲ



ਲਾਹੌਰ, 27 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇੱਕ ਦਿਲ ਨੂੰ ਛੂਹ ਲੈਣ ਵਾਲਾ ਵੀਡੀਓ ਵਾਇਰਲ ਹੋਇਆ ਹੈ, ਜਿਸ ਵਿੱਚ ਇੱਕ ਹਿੰਦੂ ਲੜਕੀ, ਜਿਸ ਨੂੰ ਫਰਵਰੀ 2021 ਵਿੱਚ ਅਗਵਾ ਕਰਕੇ ਧਰਮ ਪਰਿਵਰਤਨ ਕਰ ਕੇ ਇੱਕ ਅਗਵਾਕਾਰ ਨਾਲ ਨਿਕਾਹ ਕਰ ਦਿੱਤਾ ਗਿਆ ਸੀ, ਨੂੰ ਕੱਲ੍ਹ ਇੱਕ ਘਰ ਦੀ ਛੱਤ ਤੋਂ ਲੋਕਾਂ ਤੋਂ ਮਦਦ ਦੀ ਅਪੀਲ ਕਰਦਿਆਂ ਵੇਖਿਆ ਗਿਆ, ਜਿਸ ਨੇ ਕਈ ਭੇਦ ਖੋਲ੍ਹ ਦਿੱਤੇ ਹਨ।

ਜਾਣਕਾਰ ਸੂਤਰਾਂ ਅਨੁਸਾਰ 13 ਫਰਵਰੀ 2021 ਨੂੰ ਬਦਰ ਕਸਬੇ ਦੇ ਕੋਰੀਓਗੇਰ ਇਲਾਕੇ ਤੋਂ ਇੱਕ ਹਿੰਦੂ ਕੁੜੀ ਰੀਨਾ ਮੇਗਵਾਰ ਨੂੰ ਜਬਰੀ ਅਗਵਾ ਕੀਤਾ ਗਿਆ ਤੇ ਬਾਅਦ ਵਿੱਚ ਉਸ ਦਾ ਧਰਮ ਪਰਿਵਰਤਨ ਕਰ ਕੇ ਅਗਵਾਕ-ਾਰ ਦੋਸ਼ੀ ਨਾਲ ਨਿਕਾਹ ਕਰ ਦਿੱਤਾ ਗਿਆ ਸੀ। ਪਰਵਾਰ ਨੇ ਆਪਣੀ ਲੜਕੀ ਦੇ ਅਗਵਾ ਬਾਰੇ ਉਦੋਂ ਪੁਲਸ ਕੋਲ ਸ਼ਿਕਾਇਤ ਕੀਤੀ ਸੀ, ਪਰ ਪੁਲਸ ਦੇ ਕੋਈ ਕਾਰਵਾਈਨਾ ਕਰਨ ਉੱਤੇ ਪਰਵਾਰ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ। ਕੱਲ੍ਹ ਰੀਨਾ ਮੇਗਾਵਰ ਦਾ ਇੱਕ ਵੀਡੀਓ ਵਾਇਰਲ ਹੋ ਗਿਆ, ਜਿਸ ਨੇ ਪੁਲਸ ਅਤੇ ਅਦਾਲਤ ਨੂੰ ਸ਼ਰਮਿੰਦਾਂ ਕਰ ਦਿੱਤਾ, ਪਰਫਿਰ ਵੀ ਰੀਨਾ ਨੂੰ ਇਨਸਾਫ਼ ਨਹੀਂ ਮਿਲਿਆ।

ਇਸ ਦੌਰਾਨ ਪਾਕਿਸਤਾਨ ਵਿੱਚ ਇੱਕ 30 ਸਾਲਾਂ ਔਰਤ ਨਾਲ ਬਲਾਤਕਾਰ ਤੋਂ ਬਾਅਦ ਉਸਦੀ ਅਤੇ ਉਸਦੇ 14 ਮਹੀਨੇ ਦੇ ਬੱਚੇ ਦੀ ਹੱਤਿਆ ਕਰ ਦਿੱਤੀ ਗਈ। ਔਰਤ ਭੀਖ ਮੰਗ ਕੇ ਆਪਣਾ ਗੁਜ਼ਾਰਾ ਕਰਦੀ ਸੀ। ਸਰੋਜਾ ਬੀਬੀ ਦੇ ਭਰਾ ਮੁਹੰਮਦ ਰਮਜਾਨ ਵਾਸੀ ਰਾਵਲਪਿੰਡੀ ਅਨੁਸਾਰ ਉਹ ਆਪਣੀ ਭੈਣ ਸਰੋਜਾ ਤੇ ਉਸ ਦੇ ਲੜਕੇ ਗੁਲਫਾਮ ਨਾਲ ਚੱਕੀ ਬੇਲੀ ਬਾਜ਼ਾਰ ਰਾਵਲਪਿੰਡੀ ਵਿੱਚ ਭੀਖ ਮੰਗਦੇ ਸੀ ਤਾਂ ਸਰੋਜਾ ਅਤੇ ਉਸ ਦੇ ਲੜਕੇ ਨੂੰ ਪਿੰਡ ਮੋਹਰਾ ਦੇ ਕਿਸੇ ਘਰ ਤੋਂ ਦਾਨ ਦੇ ਰੂਪ ਵਿੱਚ ਰਾਸ਼ਨ ਅਤੇ ਨਕਦੀ ਦਿਵਾਉਣ ਦੀ ਕਿਸੇ ਨੇ ਗੱਲ ਕੀਤੀ, ਜਿਸ ਉੱਤੇ ਦੋਸ਼ੀ ਮੋਟਰਸਾਈਕਲ ਉੱਤੇ ਬਿਠਾ ਕੇ ਮਾਂ-ਪੁੱਤ ਨੂੰ ਲੈ ਗਿਆ। ਜਦ ਕਾਫੀ ਦੇਰ ਤਕ ਸਰੋਜਾ ਵਾਪਸ ਨਾ ਆਈ ਤਾਂ ਉਹ ਪਿੰਡ ਮੋਹਰਾ ਗਿਆ ਤਾਂ ਦੋਸ਼ੀ ਦੇ ਨਿਵਾਸ ਤੇ ਸਰੋਜਾ ਤੇ ਉਸ ਦੇ ਲੜਕੇ ਨੂੰ ਖੂਨ ਨਾਲ ਲਥਪਥ ਪਾਇਆ।

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
* ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
* ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
* ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

# ਜਨਤਾ ਦੀ ਚੁੱਪ ਦਾ ਨਾਜ਼ਾਇਜ ਫਾਇਦਾ ਨਾ ਚੁੱਕਣ ਸਰਕਾਰਾਂ



ਮਨਪ੍ਰੀਤ ਸਿੰਘ ਮੰਨਾ

ਜਦੋਂ ਦੇਸ਼ ਵਿਚ ਵੋਟਾਂ ਪੈਂਦੀਆਂ ਹਨ ਚਾਹੇ ਉਹ ਕੇਂਦਰ ਸਰਕਾਰ ਦੀ ਚੋਣ ਵਾਸਤੇ ਹੋਵੇ ਜਾਂ ਰਾਜ ਸਰਕਾਰਾਂ ਵਾਸਤੇ। ਵੱਖ-ਵੱਖ ਪਾਰਟੀਆਂ ਵਲੋਂ ਲੋਕਾਂ ਨਾਲ ਤਰ੍ਹਾਂ-ਤਰ੍ਹਾਂ ਦੇ ਵਾਅਦੇ ਕੀਤੇ ਜਾਂਦੇ ਹਨ ਅਤੇ ਲੋਕਾਂ ਨਾਲ ਵਾਅਦਾ ਵੀ ਕੀਤਾ ਜਾਂਦਾ ਹੈ ਕਿ ਉਹ ਪਿਛਲੀਆਂ ਸਰਕਾਰਾਂ ਦੇ ਸਮੇਂ ਦੌਰਾਨ ਵਧੀ ਹੋਈ ਮਹਿੰਗਾਈ ਅਤੇ ਹੋਰਨਾਂ ਸਮੱਸਿਆਵਾਂ ਦਾ ਹੱਲ ਬਿਨ੍ਹਾਂ ਕਿਸੇ ਭੇਦਭਾਵ ਦੇ ਕੀਤਾ ਜਾਵੇਗਾ ਪਰੰਤੂ ਜਦੋਂ ਸਰਕਾਰ ਬਣ ਜਾਂਦੀ ਹੈ ਹਾਲਾਤ ਪਹਿਲਾਂ ਨਾਲੋਂ ਵੀ ਬਦਤਰ ਹੋ ਜਾਂਦੇ ਹਨ ਅਤੇ ਜਨਤਾ ਲਈ ਮਹਿੰਗਾਈ ਹੋਰ ਵਧ ਜਾਂਦੀ ਹੈ ਅਤੇ ਪਹਿਲਾਂ ਦੀਆਂ ਸਮੱਸਿਆਵਾਂ ਚਾਹੇ ਉਹ ਬੇਰੋਜ਼ਗਾਰੀ ਹੋਵੇ, ਨਸ਼ਾ ਹੋਵੇ ਤੇ ਹੋਰ ਸਮੱਸਿਆਵਾਂ ਹੋਣ ਉਹ ਤਾਂ ਕਾਇਮ ਰਹਿੰਦੀਆਂ ਹੀ ਹਨ ਨਾਲ ਦੇ ਨਾਲ ਹੋਰ ਸਮੱਸਿਆਵਾਂ ਵੀ ਪੈਦਾ ਹੋ ਜਾਂਦੀਆਂ ਹਨ। ਜਨਤਾ ਨੂੰ ਸਮਝ ਨਹੀਂ ਆਉਂਦੀ ਕਿ ਉਨ੍ਹਾਂ ਗਲਤ ਕੀਤਾ ਜਾਂ ਸਹੀ। ਆਪਣੇ ਕੀਤੇ ਵਾਅਦਿਆਂ ਅਤੇ ਦਾਅਵਿਆਂ ਨੂੰ ਪੂਰਾ ਨਾ ਕਰਨ ਦੀ ਸੂਰਤ ਵਿਚ ਪਿਛਲੀ ਸਰਕਾਰ ਨੂੰ ਸਬਕ ਸਿਖਾਉਣਾ ਜਰੂਰੀ ਸੀ ਪਰੰਤੂ ਜਿਨ੍ਹਾਂ ਨੂੰ ਸੱਤਾ ਦੀ ਚਾਬੀ ਫੜਾਈ ਉਹ ਤਾਂ ਪਹਿਲੀਆਂ ਸਰਕਾਰਾਂ ਨਾਲੋਂ ਵੀ ਹੇਠਲੇ ਦਰਜ਼ੇ ਦੀਆਂ ਨਿਕਲੀਆਂ। ਕੇਂਦਰ ਸਰਕਾਰ ਜਿਹੜੀ ਕਿ ਫਿਰ ਦੁਬਾਰਾ ਰਿਪਿਟ ਹੋਈ ਹੈ ਉਹਨੇ ਤਾਂ ਬਿਲਕੁੱਲ ਹੱਦ ਹੀ ਮੁੱਕਾ ਛੱਡੀ। ਪੈਟੋਰਲ ਦੀ ਕੀਮਤ 100 ਰੁਪਏ ਨੂੰ ਪਾਰ ਕਰ ਚੁੱਕੀ ਹੈ ਅਤੇ ਡੀਜ਼ਲ ਵੀ ਤੇਜ਼ੀ ਨਾਲ 100 ਦਾ ਆਕੰੜੇ ਨੂੰ ਛੂਹਣ ਲਈ ਤਿਆਰ ਹੈ। ਇਨ੍ਹਾਂ ਪਦਾਰਥਾਂ ਦੀਆਂ ਕੀਮਤਾਂ ਵੱਧਣ ਦੇ ਕਾਰਨ ਹੋਰਨਾਂ ਚੀਜਾਂ ਦੀਆਂ ਕੀਮਤਾਂ ਵਿਚ ਆਪਣੇ ਹੀ ਵਾਧਾ ਹੋ ਜਾਂਦਾ ਹੈ। ਜਨਤਾ ਇਸ ਵੇਲੇ ਕੁਝ ਸਮਝਣ ਵਿਚ ਅਸਮਰਥ ਨਜ਼ਰ ਆਉਂਦੀ ਹੈ ਅਤੇ ਚੁੱਪ ਹੈ। ਸਰਕਾਰਾਂ ਇਸ ਚੁੱਪ ਦਾ ਇਨ੍ਹਾਂ ਕੁ ਨਾਜ਼ਾਇਜ਼ ਫਾਇਦਾ ਲੈ ਰਹੀਆਂ ਹਨ ਕਿ ਪੁੱਛੋ ਹੀ ਕੁਝ ਨਾ। ਗੱਲ ਕੀਤੀ ਜਾਵੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੀ। ਜਦੋਂ ਪਿਛਲੀ ਟਰਮ ਸੀ ਤਾਂ ਦੇਸ਼ ਦੇ ਪ੍ਰਧਾਨਮੰਤਰੀ ਸਾਹਿਬ ਜਿਆਦਾਤਰ ਵਿਦੇਸ਼ੀ ਦੌਰਿਆ 'ਤੇ ਰਹੇ ਅਤੇ ਸਰਕਾਰ ਵਲੋਂ ਇਹ ਪ੍ਰਚਾਰ ਕੀਤਾ ਗਿਆ ਕਿ ਦੇਸ਼ ਦੇ ਪ੍ਰਧਾਨਮੰਤਰੀ ਸਾਹਿਬ ਦੇ ਵਿਦੇਸ਼ੀ ਦੌਰਿਆਂ ਦਾ ਆਉਣ ਵਾਲੇ ਸਮੇਂ ਦੇ ਲਾਭ ਹੋਵੇਗਾ। ਮਹਿੰਗਾਈ ਵੀ ਆਪਣੀ ਰਫਤਾਰ ਨਾਲ ਵਧਦੀ ਰਹੀ। 370, ਨੋਟਵੰਦੀ, ਜੀ.ਐਸ.ਟੀ. ਨੂੰ ਲੈ ਕੇ ਇਸ ਤਰ੍ਹਾਂ ਦਾ ਪ੍ਰਚਾਰ ਕੀਤਾ ਗਿਆ ਕਿ ਇਨ੍ਹਾਂ ਦੇ ਦੇਸ਼ ਵਿਚ ਲਾਗੂ ਹੋਣ ਨਾਲ ਦੇਸ਼ ਤਰੱਕੀ ਦੇ ਰਸਤੇ ਤੇ ਆ ਜਾਵੇਗਾ। ਇਸੇ ਤਰ੍ਹਾਂ 5 ਸਾਲ ਬੀਤ ਗਏ। ਹੁਣ ਫਿਰ ਦੁਬਾਰਾ ਜਨਤਾ ਨੇ ਸੱਤਾ ਦੀ ਚਾਬੀ ਦੇਣ 'ਤੇ ਸਰਕਾਰ ਤਾਂ ਜਿਸ ਤਰ੍ਹਾਂ ਹੱਥ 'ਤੇ ਹੱਥ ਰੱਖ ਕੇ ਬੈਠ ਹੀ ਗਈ ਹੈ। ਮਹਿੰਗਾਈ ਦੇ ਵਿਸ਼ੇ 'ਤੇ ਕੁਝ ਕਰਨਾ ਤਾਂ ਦੂਰ ਦੀ ਗੱਲ ਇਹ ਕਹਿ ਕੇ ਆਪਣਾ ਪਲਾ ਝਾੜ ਦਿੱਤਾ ਕਿ ਸਾਡੇ ਹੱਥ ਕੁਝ ਨਹੀਂ ਹੈ ਸਾਰਾ ਕੁਝ ਕੰਪਨੀਆਂ ਦੇ ਹੱਥ ਹੈ। ਸੋਚਣ ਵਾਲੀ ਗੱਲ ਹੈ ਕਿ ਫਿਰ ਸੱਤਾ ਵੀ ਕੰਪਨੀਆਂ ਦੇ ਹਵਾਲੇ ਕਰ ਦਿਓ। ਜਨਤਾ ਨੂੰ ਸਹੂਲਤਾਂ ਦੇਣਾ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਨਾ ਤੇ ਹਲ ਕਰਨਾ ਸਰਕਾਰਾਂ ਦੀ ਜਿਮੇਵਾਰੀ ਹੁੰਦੀ ਹੈ। ਦੇਸ਼ ਦੇ ਕਿਸਾਨ ਜੋ ਕਿ ਕਾਫੀ ਲੰਬੇ ਸਮੇਂ ਤੋਂ ਧਰਨਿਆਂ ਤੇ ਬੈਠੇ ਹੋਏ ਹਨ ਉਨ੍ਹਾਂ ਨਾਲ ਪਹਿਲਾਂ ਦਾ ਗੱਲਬਾਤ ਚਲਦੀ ਰਹੀ ਫਿਰ ਸਰਕਾਰ ਨੇ ਉਨ੍ਹਾਂ ਤੋਂ ਮੁੱਖ ਹੀ ਇਸ ਤਰ੍ਹਾਂ ਮੋੜ ਲਿਆ ਕਿ ਜਿਵੇਂ ਉਹ ਇਸ ਦੇਸ਼ ਦੇ ਵਾਸੀ ਨਹੀਂ ਬਲਕਿ ਹੋਰ ਕਿਸੇ ਦੇਸ਼ ਦੇ ਵਾਸੀ ਹੋਣ। ਆਪਣੇ ਆਪ ਨੂੰ ਠੀਕ ਸਾਬਿਤ ਕਰਨ ਲਈ ਸਰਕਾਰ ਜਿਨ੍ਹਾਂ ਜੋਰ ਲਗਾ ਰਹੀ ਹੈ ਜੇਕਰ ਉਸ ਨਾਲੋਂ ਅੱਧਾ ਜੋਰ ਵੀ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੀਤਾ ਜਾਵੇ ਤਾਂ ਮਾਹੌਲ ਠੀਕ ਹੋ ਸਕਦਾ ਹੈ। ਹੁਣ ਗੱਲ ਕਰਦੇ ਹਾਂ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਦੀ। ਕੀਤਾ ਇਸ ਸਰਕਾਰ ਨੇ ਵੀ ਕੁਝ ਨਹੀਂ। ਸਾਢੇ ਚਾਰ ਸਾਲ ਲੋਕਾਂ ਦੀਆਂ ਪਰੇਸ਼ਾਨੀਆਂ ਨੂੰ ਘਟਾਉਣ ਦੀ ਵਜਾਏ ਵਧਾਇਆ ਅਤੇ ਜਦੋਂ ਥੋੜਾ ਸਮਾਂ ਰਹਿ ਗਿਆ ਹੈ ਤਾਂ ਕੈਪਟਨ ਤੇ ਸਿੱਧੂ ਦੀ ਇਕ ਕੁਸ਼ਤੀ ਜਿਹੀ ਕਰਵਾ ਕੇ ਜਨਤਾ ਨੂੰ ਮੂੱਰਖ ਬਣਾਉਣ ਦੀ ਕੋਸ਼ਿਸ਼ ਕਰਦੇ ਹੋਏ ਸਿੱਧੂ ਦੀ ਕਾਂਗਰਸ ਪ੍ਰਧਾਨਗੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਉਹ ਕਿਸੇ ਪਾਰਟੀ ਦਾ ਪ੍ਰਧਾਨ ਨਹੀਂ ਬਲਕਿ ਪੰਜਾਬ ਦਾ ਮੁੱਖ ਮੰਤਰੀ ਹੀ ਬਣ ਗਿਆ ਹੋਵੇ ਅਤੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਾਹਿਬ ਨੇ ਵੀ ਇਸ ਤਰ੍ਹਾਂ ਦਾਅਵੇ ਕੀਤੇ ਕਿ ਜਿਸ ਤਰ੍ਹਾਂ ਪੰਜਾਬ ਨੂੰ ਮੁੜ ਸੋਨੇ ਦੀ ਚਿੜ੍ਹੀ ਬਣਾ ਕੇ ਹੀ ਸਾਹ ਲਵੇਗਾ। ਮਸਲਾ ਇਥੇ ਆ ਕੇ ਖਤਮ ਹੁੰਦਾ ਹੈ ਕਿ ਕਿਸੇ ਦੇ ਪ੍ਰਧਾਨ ਬਣਨ ਨਾਲ, ਦੇਸ਼ ਦੇ ਪ੍ਰਧਾਨਮੰਤਰੀ ਦੇ ਵਿਦੇਸ਼ੀ ਦੌਰਿਆਂ ਨਾਲ, ਮਹਿੰਗਾਈ ਦੇ ਮੁੱਦੇ ਤੇ ਚੁੱਪ ਰਹਿਣ ਨਾਲ, ਰਾਜਨੀਤਿਕ ਪਾਰਟੀਆਂ ਵਲੋਂ ਇਕ ਦੂਸਰੇ ਤੇ ਦੋਸ਼ ਲਾਉਣ ਨਾਲ ਜਨਤਾ ਨੂੰ ਕੀ ਲਾਭ ਹੋਣ ਵਾਲਾ ਹੈ। ਜਨਤਾ ਨੇ ਤਾਂ ਦੇਸ਼ ਦੇ ਭਲੇ , ਸੁੱਖ ਸਹੂਲਤਾਂ ਅਤੇ ਦੇਸ਼ ਨੂੰ ਸਮਾਜਿਕ ਤੌਰ ਅਤੇ ਆਰਥਿਕ ਤੌਰ 'ਤੇ ਮਜ਼ਬੂਤੀ ਦੇਣ ਲਈ ਸੱਤਾ ਭਾਜਪਾ ਦੀ ਅਗਵਾਈ ਵਿਚ ਦੇਸ਼ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਵਿਚ ਕਾਂਗਰਸ ਦੀ ਅਗਵਾਈ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪੀ ਹੁਣ ਇਹ ਸਰਕਾਰਾਂ ਜਨਤਾ ਨੂੰ ਸੁੱਖ ਸਹੂਲਤਾਂ ਦੇਣ ਲਈ ਕੰਮ ਕਰਨ ਅਤੇ ਜਨਤਾ ਦੀ ਚੁੱਪੀ ਦਾ ਨਾਜ਼ਾਇਜ਼ ਫਾਇਦਾ ਨਾ ਚੁੱਕਣ ਨਹੀਂ ਤਾਂ ਜਦੋਂ ਅੱਕੀ ਹੋਈ ਜਨਤਾ ਜਦੋਂ ਖੜੀ ਹੋ ਗਈ ਤਾਂ ਫਿਰ ਸਰਕਾਰਾਂ ਨੂੰ ਉਨ੍ਹਾਂ ਸੰਭਾਲਣਾ ਬਹੁਤ ਮੁਸ਼ਕਿਲ ਹੋਵੇਗਾ ਕਿਉਂਕਿ ਜਨਤਾ ਇਸ ਵੇਲੇ ਵੀ ਮਰੀ ਹੋਈ ਹੈ ਤੇ ਉਨ੍ਹਾਂ ਹਾਲਾਤ ਦੇ ਵਿਚ ਵੀ ਮਰਨਾ ਹੀ ਹੋਵੇਗਾ।

## ਰਸੋਈ — ਨੂਡਲਜ਼ ਚਾਟ



ਸਮੱਗਰੀ-800 ਗਰਾਮ ਨੂਡਲਜ਼, ਪੱਤਾ ਗੋਭੀ ਅੱਧਾ ਕੱਪ ਕੱਟੀ ਹੋਈ, ਗਾਜਰ ਅੱਧਾ ਕੱਪ ਕੱਟੀ ਹੋਈ, ਸ਼ਿਮਲਾ ਮਿਰਚ ਅੱਧਾ ਕੱਪ ਕੱਟੀ ਹੋਈ, ਖੰਡ ਅੱਧਾ ਕੱਪ ਛੋਟਾ ਚਮਚ, ਲਸ ਪੇਸਟ ਇੱਕ ਚਮਚ, ਨਿੰਬੂ ਦਾ ਰਸ ਇੱਕ ਚਮਚ, ਕਾਲੀ ਮਿਰਚ ਪਾਊਡਰ ਛੋਟਾ ਚਮਚ, ਨਮਕ ਸਵਾਦ ਅਨੁਸਾਰ, ਤੇਲ ਇੱਕ ਕੱਪ, ਤਿੰਨ-ਚਾਰ ਹਰੇ ਪਿਆਜ਼ ਕੱਟੇ ਹੋਏ, ਟੋਮੈਟੋ ਸਾਸ 2 ਛੋਟੇ ਚਮਚ, ਹਰਾ ਧਨੀਆ ਇੱਕ ਚਮਚ ਬਰੀਕ ਕੱਟਿਆ ਹੋਇਆ, ਗ੍ਰੀਨ ਚਿਲੀ ਸਾਸ ਦੋ ਛੋਟੇ ਚਮਚ।

ਵਿਧੀ-ਸਭ ਤੋਂ ਪਹਿਲਾਂ ਫਰਾਈਪੈਨ ਵਿੱਚ ਪਾਣੀ, ਨੂਡਲਜ਼ ਅਤੇ ਥੋੜ੍ਹਾ ਜਿਹਾ ਤੇਲ ਪਾ ਕੇ ਉਬਾਲੋ। ਨੂਡਲਜ਼ ਨੂੰ ਉਬਲਣ ਦੇ ਬਾਅਦ ਉਸ ਨੂੰ ਠੰਢੇ ਪਾਣੀ ਨਾਲ ਧੋ ਕੇ ਪੱਖੇ ਹੇਠਾਂ ਸੁਕਾ ਲਓ। ਇੱਕ ਫਰਾਈਪੈਨ ਵਿੱਚ ਤੇਲ ਗਰਮ ਕਰ ਕੇ ਉਸ ਵਿੱਚ ਨੂਡਲਜ਼ ਫਰਾਈ ਕਰੋ। ਇੱਕ ਵੱਖਰੇ ਫਰਾਈਪੈਨ ਵਿੱਚ ਦੋ ਚਮਚ ਤੇਲ ਗਰਮ ਕਰ ਕੇ ਉਸ ਵਿੱਚ ਸਬਜ਼ੀਆਂ, ਖੰਡ, ਨਮਕ, ਲਸਣ, ਕਾਲੀ ਮਿਰਚ ਪਾਊਡਰ ਪਾ ਕੇ ਇੱਕ ਮਿੰਟ ਪਕਾਓ। ਸਾਰੀਆਂ ਸਬਜ਼ੀਆਂ ਨੂੰ ਥੋੜ੍ਹਾ ਭੁੰਨੋ ਅਤੇ ਬਾਅਦ ਵਿੱਚ ਨਿੰਬੂ ਦਾ ਰਸ ਪਾ ਕੇ ਮਿਕਸ ਕਰ ਕੇ ਗੈਸ ਬੰਦ ਕਰ ਦਿਓ। ਪਲੇਟ ਵਿੱਚ ਨੂਡਲਜ਼ ਪਾਓ ਤੇ ਉਸ ਉੱਤੇ ਗ੍ਰੀਨ ਚਿਲੀ, ਟੋਮੈਟੋ ਸਾਸ, ਪਿਆਜ਼, ਹਰੀ ਧਨੀਆ ਪਾ ਕੇ ਖਾਓ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
KULWINDERCHHINA
BROKER
647.293.2327

Sales Person Required
**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਪੰਜਾਬੀ ਪੋਸਟ

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909, 416-618-3358

ਵਰਕਰਾਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Call For a Quick & Free Home Evaluation
www.BramptonQuickHomeEvaluation.com

# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON



ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON


$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

## BRAMPTON


$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON


$1,299,905
ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡ-ਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੌਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

## BRAMPTON


CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777



Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777 416.802.5866
31 Melanie Dr. Unit #4 Brampton, ON L6T 5H8




CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਂਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




COTTRELLE/HWY50
ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈਂਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈਂਡਰੂਮ ਦੀ ਫਿਨਿਸ਼ਿਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ




SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੇਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






ASIAN FOOD CENTRE

Summer SALE LONG WEEKEND

www.AsianFoodCentre.com
23RD JULY TO 8TH AUG 2021
Fresh Fruits, Vegetables, Indian & Canadian Grocery

| Price | Product |
|---|---|
| $5.99 | DEEP WHOLE WHEAT ATTA |
| $7.99 | PILLSBURY MULTIGRAIN ATTA |
| $7.99 | HERO ATTA 20LB |
| $6.99 | ROYAL CHAKKI ATTA |
| $6.99 | NANAK RASMALAI (PISTA) |
| $1.79 | SAFFRON |
| $8.99 | ASIAN BASMATI RICE |
| $8.99 | INDIA GATE ROZANNA RICE |
| $7.99 | AFC DIAMOND RICE |
| $6.99 | ASIAN SILVER RICE |
| $4.49 | BRAR PANEER |
| $1.99 | ASHOKA TANDOORI NAAN |
| $8.99 | VERKA BROWN SUGAR |
| $6.99 | BANSI BROWN SUGAR |
| $3.99 | KTC MUSTARD OIL |
| $1.99 | APPY FIZZ |
| $3.49 | PACHRANGA FOODS MIX PICKLE |
| $5.99 | DAWN TANDOORI NAAN |
| $3.99 | KTC COCONUT OIL |
| $9.99 | TETLEY TEA |
| $4.49 | RED LABEL TEA |
| $4.99 | SENSO ASST PREMIX TEA |
| $3.49 | MAZOLA CANOLA/VEG OIL |
| $2.49 | CAVENDISH PATTIES |
| $1.79 | HALDIRAM SOAN PAPDI |
| $12.99 | UDUPI SONA MASOORI |
| $0.99 | BRITANNIA TIME PASS CRACKERS |
| $2.99 | AFC LAUNDRY SOAP |
| $3.49 | PAKISTANI ROOHAFZA |
| $2.99 | DABUR MUSTARD OIL |
| $1.29 | EMIRATES NEST PASTA |
| $4.99 | POPULAR SOYA CHAAP |
| $1.49 | BRITANNIA MILK & WHEAT RUSK |
| $2.99 | BRITANNIA MILK RUSK |
| $3.99 | HEINZ TOMATO KETCHUP |
| $5.99 | QUALITY IDLI RICE |
| $2.99 | RED LENTIL |
| $3.49 | BLACK CHANA |
| $0.79 | PARLE-G |
| $1.59 | MDH BAINGAN BHARTAA |
| $0.99 | MR. GOUDAS SALT |
| 3 FOR $2 | BRITANNIA GOOD DAY |
| $2.79 | BRITANNIA MARIE GOLD |
| $1.49 | MR GOUDAS CHICK PEAS |
| $3.29 | BIKANERI GOLGAPPE |
| $2.99 | SWAD PEANUT CHIKKI |
| $1.49 | FROOTI MANGO DRINK |
| $1.49 | MR.GOUDAS RED KIDNEY BEANS |
| $1.49 | BRITTANIA TIGER GLUCOSE BISCUIT |
| $0.99 | HALDIRAM READY TO EAT |
| $2.79 | MTR VERMICELLI |
| $4.99 | GOLDEN COOKIES |
| $4.99 | FROZEN PEAS |
| 4 FOR $1 | YIPPEE MASALA NOODLES |
| $0.99 | PRAN PUFFED RICE |
| $1.99 | PRAN JAM |
| $13.99 | PRAN ASST JUICE |
| $1.99 | ASHOKA GARLIC NAAN |
| $2.29 | PRAN FROOTO JUICE |
| $4.99 | BIKANERI COOKIES |
| $6.99 | DAWN PLAIN PARATHA |
| $2.69 | SHANA PARATHA |
| $1.29 | SANTOSH NAAN |
| $5.99 | POPULAR PARATHA |
| $0.99 | ASHOKA CUT & WHOLE OKRA |
| $1.29 | PRAN FLATTENED RICE (POHA) |
| $1.29 | CIAN FRESH CUT VEGETABLES |
| $0.99 | CIAN FRESH CUT VEGETABLES |
| $2.29 | PRAN ASST CHUTNEY |
| $2.29 | LG HING POWDER |
| $2.49 | BIKANERI MUSTARD OIL |

ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media